Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 92 | Wednesday, May 11, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਨੌਰਥ ਯੌਰਕ ਵਿੱਚ ਚੱਲੀ ਗੋਲੀ, ਇੱਕ ਹਲਾਕ



ਓਨਟਾਰੀਓ, 10 ਮਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਨੌਰਥ ਯੌਰਕ ਵਿੱਚ ਪਲਾਜ਼ਾ ਨੇੜੇ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਮਸ਼ਕੂਕ ਚੋਰੀ ਦੀ ਕਾਰ ਵਿੱਚ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਪੁਲਿਸ ਮਸ਼ਕੂਕ ਦੀ ਭਾਲ ਕਰ ਰਹੀ ਹੈ।

ਜੇਨ ਸਟਰੀਟ ਤੇ ਵਿਲਸਨ ਐਵਨਿਊ ਦੇ ਪਾਰਕਿੰਗ ਲੌਟ ਵਿੱਚ ਗੋਲੀ ਚੱਲਣ ਦੀਆ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਰਾਤੀਂ 8:30 ਵਜੇ ਮੌਕੇ ਉੱਤੇ ਪਹੁੰਚੀ। ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਮਿਲਿਆ ਤੇ ਉਸ ਨੂੰ ਮ੍ਰਿਤਕ ਐਲਾਨਣ ਤੋਂ ਪਹਿਲਾਂ ਪੈਰਾਮੈਡਿਕਸ ਵੱਲੋਂ ਉਸ ਦੀ ਚੰਗੀ ਤਰ੍ਹਾਂ ਜਾਂਚ ਵੀ ਕੀਤੀ ਗਈ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਕਾਰਜੈਕ ਕਰਨ ਤੋਂ ਬਾਅਦ ਸ਼ੈਰੀਡਨ ਮਾਲ ਦੇ ਪਾਰਕਿੰਗ ਲੌਟ ਰਾਹੀਂ ਫਰਾਰ ਹੋ ਗਿਆ। ਇਹ ਚੋਰੀ ਕੀਤੀ ਗਈ ਗੱਡੀ ਕਾਲੇ ਰੰਗ ਦੀ 2022 ਮਾਡਲ ਦੀ ਟੌਇਟਾ ਕੋਰੋਲਾ ਹੈ ਜਿਸ ਉੱਤੇ ਓਨਟਾਰੀਓ ਦੀ ਲਾਇਸੰਸ ਪਲੇਟ ਸੀ ਵੀ ਜ਼ੈਡ ਡਬਲਿਊ 153 ਨੰਬਰ ਦਰਜ ਹੈ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਹ ਸੋਚ ਸਮਝ ਕੇ ਕੀਤੀ ਗਈ ਸ਼ੂਟਿੰਗ ਹੈ। ਮ੍ਰਿਤਕ ਦੀ ਪਛਾਣ ਅਜੇ ਜ਼ਾਹਿਰ ਨਹੀਂ ਕੀਤੀ ਗਈ ਹੈ।

## ਪੀਸੀ ਪਾਰਟੀ ਦੀ ਲੀਡ ਬਰਕਰਾਰ, ਡੈਲ ਡੂਕਾ ਦੇ ਸਮਰਥਨ ਵਿੱਚ ਹੋ ਰਿਹਾ ਹੈ ਇਜਾਫਾ : ਨੈਨੋਜ਼

ਓਨਟਾਰੀਓ, 10 ਮਈ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਇੱਕ ਹਫਤੇ ਤੋਂ ਚੱਲ ਰਹੀ ਕੈਂਪੇਨਿੰਗ ਵਿੱਚ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਲੀਡ ਵਿੱਚ ਹੀ ਬਣੇ ਹੋਏ ਹਨ। ਦੂਜੇ ਪਾਸੇ ਲਿਬਰਲ ਆਗੂ ਵੱਲੋਂ ਕੀਤੀ ਜਾ ਰਹੀ ਅਪੀਲ ਦਾ ਕਾਫੀ ਅਸਰ ਵੇਖਣ ਨੂੰ ਮਿਲ ਰਿਹਾ ਹੈ।

ਨੈਨੋਜ਼ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ 29 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਪ੍ਰੀਮੀਅਰ ਵਜੋਂ ਅਜੇ ਵੀ ਲੋਕਾਂ ਦੀ ਪਹਿਲੀ ਪਸੰਦ ਫੋਰਡ ਬਣੇ ਹੋਏ ਹਨ ਜਦਕਿ ਲਿਬਰਲ ਆਗੂ ਡੈਲ ਡੂਕਾ ਨੂੰ 24.1 ਫੀ ਸਦੀ ਲੋਕ ਪ੍ਰੀਮੀਅਰ ਵਜੋਂ ਵੇਖਣਾ ਚਾਹੁੰਦੇ ਹਨ, 20.3 ਫੀ ਸਦੀ ਲੋਕ ਐਨਡੀਪੀ ਆਗੂ ਐਂਡਰੀਆ ਹੌਰਵਥ ਨੂੰ ਪ੍ਰੀਮੀਅਰ ਵਜੋਂ ਵੇਖਣਾ ਚਾਹੁੰਦੇ ਹਨ ਤੇ ਚਾਰ ਫੀ ਸਦੀ ਗ੍ਰੀਨ ਆਗੂ ਮਾਈਕ ਸ਼ਰੇਨਰ ਨੂੰ ਆਪਣਾ ਆਗੂ ਬਣਿਆ ਵੇਖਣਾ ਚਾਹੁੰਦੇ ਹਨ।

ਸ਼ਨਿੱਚਰਵਾਰ ਨੂੰ ਡੈਲ ਡੂਕਾ ਨੂੰ




17 ਫੀ ਸਦੀ ਸਮਰਥਨ ਹੀ ਮਿਲ ਰਿਹਾ ਸੀ ਤੇ ਹੁਣ ਉਨ੍ਹਾਂ ਨੂੰ ਮਿਲਣ ਵਾਲੇ ਸਮਰਥਨ ਵਿੱਚ ਸੱਤ ਅੰਕਾਂ ਦਾ ਇਜਾਫਾ ਹੋਇਆ ਹੈ। ਉਦੋਂ ਤੋਂ ਹੀ ਫੋਰਡ ਦੇ ਸਮਰਥਨ ਵਿੱਚ ਇੱਕ ਅੰਕ ਦੀ ਤੇ ਹੌਰਵਥ ਦੇ ਸਮਰਥਨ ਵਿੱਚ 2.5 ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਨੈਨੋਜ਼ ਰਿਸਰਚ ਦੇ ਚੀਫ ਡਾਟਾ ਸਾਇੰਟਿਸਟ ਨਿੱਕ ਨੈਨੋਜ਼ ਨੇ ਇੱਕ ਬਿਆਨ ਵਿੱਚ ਆਖਿਆ ਕਿ ਭਾਵੇਂ ਅਜੇ ਵੀ ਫੋਰਡ ਹੀ ਅੱਗੇ ਚੱਲ ਰਹੇ ਹਨ ਪਰ ਡੈਲ ਡੂਕਾ ਦੇ ਸਮਰਥਨ ਵਿੱਚ ਵੀ ਸਕਾਰਾਤਮਕ ਵਾਧਾ ਹੋਇਆ ਹੈ। ਪੀਸੀ ਪਾਰਟੀ ਦੇ ਸਮਰਥਨ ਵਿੱਚ 36.9 ਫੀ ਸਦੀ ਦੇ ਮੁਕਾਬਲੇ 35.4 ਫੀ ਸਦੀ ਨਾਲ ਥੋੜ੍ਹੀ ਗਿਰਾਵਟ ਦਰਜ ਕੀਤੀ ਗਈ ਹੈ ਜਦਕਿ ਲਿਬਰਲ ਤੇ ਐਨਡੀਪੀ ਪਾਰਟੀ ਦੇ ਸਮਰਥਨ ਵਿੱਚ ਕੋਈ ਵਾਧਾ ਘਾਟਾ ਵੇਖਣ ਨੂੰ ਨਹੀਂ ਮਿ-ਲਆ। ਗ੍ਰੀਨ ਪਾਰਟੀ ਦੇ ਸਮਰਥਨ ਵਿੱਚ 4.3 ਫੀ ਸਦੀ ਤੋਂ 4.2 ਫੀ ਸਦੀ ਦੀ ਗਿਰਾਵਟ ਵੇਖਣ ਨੂੰ ਮਿਲੀ ਹੈ।

ਜੀਟੀਏ ਵਿੱਚ ਪੀਸੀ ਤੇ ਲਿਬਰਲਾਂ ਦਰਮਿਆਨ ਕਾਂਟੇ ਦੀ ਟੱਕਰ ਹੈ ਜਦਕਿ ਬਾਕੀ ਦੇ ਓਨਟਾਰੀਓ ਵਿੱਚ ਪੀਸੀ 35.9 ਫੀ ਸਦੀ ਨਾਲ ਲਿਬਰਲ (24.6 ਫੀ ਸਦੀ) ਤੇ ਐਨਡੀਪੀ (28.9 ਫੀ ਸਦੀ) ਤੋਂ ਅੱਗੇ ਹੈ।

## ਰੂਬੀ ਸਹੋਤਾ ਨੇ ਅੰਮ੍ਰਿਤਸਰ ਸ਼ਹਿਰ ਲਈ ਸਿੱਧੀਆਂ ਉਡਾਣਾਂ ਵਿੱਚ ਵਾਧਾ ਕਰਨ ਦੀ ਮੰਗ ਚੁੱਕੀ

ਓਟਵਾ, 10 ਮਈ (ਪੋਸਟ ਬਿਊਰੋ): ਬਰੈਂਪਟਨ ਨਾਰਥ ਤੋਂ ਸੰਸਦ ਮੈਂਬਰ ਰੂਬੀ ਸਹੋਤਾ ਨੇ ਕੈਨੇਡਾ ਤੋਂ ਭਾਰਤ, ਖਾਸ ਕਰਕੇ ਅੰਮ੍ਰਿਤਸਰ ਸ਼ਹਿਰ ਲਈ ਸਿੱਧੀਆਂ ਉਡਾਣਾਂ ਵਿੱਚ ਵਾਧਾ ਕਰਨ ਦੀ ਮੰਗ ਚੁੱਕੀ ਹੈ। ਉਨ੍ਹਾਂ ਨੇ ਕੈਨੇਡਾ ਤੋਂ ਭਾਰਤ, ਖਾਸ ਤੌਰ 'ਤੇ ਅੰਮ੍ਰਿਤਸਰ ਲਈ ਸਿੱਧੀ ਉਡਾਣ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

ਬਰੈਂਪਟਨ ਨੌਰਥ ਤੋਂ ਲਿਬਰਲ ਐੱਮ.ਪੀ. ਰੂਬੀ ਸਹੋਤਾ ਨੇ ਹਾਊਸ ਆਫ਼ ਕਾਮਨਜ਼ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ ਬਰੈਂਪਟਨ ਨੌਰਥ ਅਤੇ ਕੈਨੇਡਾ ਭਰ ਵਿੱਚ ਵਸਦੇ ਪੰਜਾਬੀ ਕੈਨੇਡੀਅਨ ਲੰਮੇ ਸਮੇਂ ਤੋਂ ਇਹ ਮੰਗ ਕਰਦੇ ਆ ਰਹੇ ਨੇ ਕਿ ਕੈਨੇਡਾ ਤੋਂ ਭਾਰਤ ਲਈ ਸਿੱਧੀਆਂ ਉਡਾਣਾਂ ਵਿੱਚ ਵਾਧਾ



ਕੀਤਾ ਜਾਵੇ। ਉਨ੍ਹਾਂ ਵੱਲੋਂ ਖਾਸ ਤੌਰ 'ਤੇ ਟੋਰਾਂਟੋ ਤੋਂ ਅੰਮ੍ਰਿਤਸਰ ਲਈ ਸਿੱਧੀ ਉਡਾਣ ਸ਼ੁਰੂ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ।

ਇਸ ਦੌਰਾਨ ਮਿਸੀਸਾਗਾ ਸੈਂਟਰ ਦੇ ਟਰਾਂਸਪੋਰਟ ਮੰਤਰੀ ਅਤੇ ਸੰਸਦ ਮੈਂਬਰ ਓਮਰ ਅਲਘਬਰਾ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬੀ-



ਕੈਨੇਡੀਅਨਾਂ ਨੂੰ ਵੀ ਸੁਣਿਆ ਹੈ ਅਤੇ ਹਾਲ ਹੀ ਵਿੱਚ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਭਾਰਤ ਲਈ ਹੋਰ ਸਿੱਧੀਆਂ ਉਡਾਣਾਂ ਨੂੰ ਸੁਰੂ ਕਰਨ ਲਈ ਏਅਰਲਾਈਨਾਂ ਦਾ ਸਮਰਥਨ ਕਰਨਾ ਜਾਰੀ ਰੱਖੇਗੀ।

## ਸ੍ਰੀਲੰਕਾ ਵਿੱਚ ਹਿੰਸਾ ਕਰਨ ਵਾਲਿਆਂ ਨੂੰ ਦੇਖਦੇ ਸਾਰ ਗੋਲੀ ਮਾਰਨ ਦੇ ਹੁਕਮ

ਕੋਲੰਬੋ, 10 ਮਈ, (ਪੋਸਟ ਬਿਊਰੋ)- ਸ੍ਰੀਲੰਕਾ ਦੇ ਹਾਲਾਤ ਵਿਗੜਦੇ ਜਾਣ ਕਰ ਕੇ ਭੜਕੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਰੱਖਿਆ ਮੰਤਰਾਲੇ ਨੇ ਹਿੰਸਾ ਕਰਨ ਵਾਲਿਆਂ ਨੂੰ ਦੇਖਦੇ ਸਾਰਹੀ ਗੋਲੀ ਮਾਰਨ ਦਾ ਹੁਕਮ ਦਿੱਤੇ ਹਨ। ਇਹ ਫੈਸਲਾ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚਚੱਲਦੇ ਖੂਨੀ ਸੰਘਰਸ਼ਾਂ ਕਾਰਨ ਲਿਆ ਗਿਆ ਹੈ।

ਵਰਨਣ ਯੋਗ ਹੈ ਕਿ ਸ੍ਰੀਲੰਕਾ ਵਿਚ ਕਈ ਹਫ਼ਤਿਆਂ ਤੋਂ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਵਿਰੁੱਧ ਪ੍ਰਦਰਸ਼ਨ ਹੋ ਰਹੇ ਸਨ ਤੇ ਇਸ ਦੌਰਾਨ ਦੇਸ਼ ਵਿੱਚ ਹਿੰਸਾ ਸੁਰੂਛਿੜ ਗਈ ਸੀ, ਜਿਸਵਿੱਚ ਇੱਕ ਪਾਰਲੀਮੈਂਟ ਮੈਂਬਰ ਸਣੇ 7 ਲੋਕਾਂ ਦੀ ਮੌਤ ਹੋ ਗਈ ਅਤੇ ਸੌ ਤੋਂ ਵੱਧ ਜ਼ਖ਼ਮੀ ਹੋਏ ਸਨ। ਇਸ ਪਿੱਛੋਂ ਰਾਜਪਕਸ਼ੇ ਨੇ ਅਸਤੀਫਾ ਦੇ ਦਿੱਤਾ, ਪਰ ਹਿੰਸਾ ਰੁਕੀ ਨਹੀਂ, ਹੋਰ ਭੜਕ ਗਈ। ਪ੍ਰਦਰਸ਼ਨਕਾਰੀਆਂ ਨੇ ਰਾਜਪਕਸ਼ੇ ਦੇ ਘਰ ਤੇ ਉਨ੍ਹਾਂ ਦੇ ਸਮੱਰਥਕਾਂ ਨੂੰ ਨਿਸ਼ਾਨਾ ਬਣਾਉਣਾ ਸੁਰੂ ਕਰ ਦਿੱਤਾ ਤੇ ਸਾਬਕਾ ਪ੍ਰਧਾਨ ਮੰਤਰੀ ਰਾਜਪਕਸ਼ੇ ਦੇ ਜੱਦੀ ਘਰ ਨੂੰ ਅੱਗ ਲਾ ਦਿੱਤੀ ਸੀ। ਉਦੋਂ ਤੋਂ ਲਗਾਤਾਰ ਹਿੰਸਾ ਚੱਲ ਰਹੀ ਹੈ। ਸਾਬਕਾ ਮੰਤਰੀ ਜੌਹਨਸਟਨ ਫਰਨਾਂਡੋ ਦਾ ਘਰ ਵੀ ਭੀੜ ਨੇ ਸਾੜ ਦਿੱਤਾ ਹੈ ਅਤੇ ਰਾਜਪਕਸ਼ੇ ਦੇ ਵਫ਼ਾਦਾਰਾਂ ਨੂੰ ਦੇਸ਼ ਤੋਂ ਭੱਜਣ ਤੋਂ ਰੋਕਣ ਲਈ ਕੋਲੰਬੋ ਵਿੱਚਭੰਡਾਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ (ਬੀਆਈਏ) ਨੂੰ ਜਾਂਦੀ ਸੜਕ ਉੱਤੇ ਇੱਕ ਚੌਕੀਬਣਾਈ ਹੈ। ਕੋਲੰਬੋ ਵਿੱਚ ਬੀਆਈਏ ਨੂੰ ਡਿਪਲੋਮੈਟਿਕ ਏਅਰਪੋਰਟ ਮੰਨਿਆ ਜਾਂਦਾ ਹੈ। ਇਸ ਪਿੱਛੋਂ ਸਾਬਕਾ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਆਪਣੀ ਪਤਨੀ ਤੇ ਪਰਿਵਾਰ ਦੇ ਨਾਲ ਸਰਕਾਰੀ ਰਿਹਾਇਸ਼ ਟੈਂਪਲ ਟ੍ਰੀਜ਼ ਛੱਡ ਕੇ ਉੱਤਰ-ਪੂਰਬੀ ਤੱਟ ਉੱਤੇ ਬੰਦਰਗਾਹ ਤ੍ਰਿਨਕੋਮਾਲੀ ਦੇ ਸਮੁੰਦਰੀ ਬੇਸ ਉੱਤੇ ਸ਼ਰਣ ਲਈ ਹੈ। ਪੁਲਿਸ ਨੇ ਸੋਮਵਾਰ ਰਾਤ ਟੈਂਪਲ ਟ੍ਰੀਜ਼ਵਿੱਚਜਾਣ ਲੱਗੀ ਭੀੜ ਰੋਕਣ ਲਈ ਅੱਥਰੂ ਗੈਸ ਦੇ ਗੋਲੇ ਦਾਗੇ ਤੇ ਹਵਾਈ ਫਾਇਰਕੀਤੇ, ਜਿਸ ਦੌਰਾਨ ਮਹਿੰਦਾ ਰਾਜਪਕਸ਼ੇ ਤੇ ਉਸਦੇ ਪਰਿਵਾਰ ਨੂੰ ਸਰਕਾਰੀ ਰਿਹਾਇਸ਼ ਤੋਂ ਬਾਹਰ ਕੱਢਿਆ ਗਿਆ ਸੀ।

## ਕੈਨੇਡਾ ਵਿਚ ਸਤਨਾਮ ਸਿੰਘ ਬਨਵੈਤ ਰਾਤੋ-ਰਾਤ ਲੱਖਾਂ ਡਾਲਰਾਂ ਦਾ ਮਾਲਕ ਬਣਿਆ

### ਜਿੱਤੀ 2.50 ਲੱਖ ਡਾਲਰ ਦੀ ਲਾਟਰੀ, 4 ਸਾਲਾਂ ਵਿਚ ਦੂਜੀ ਵਾਰ ਜਿੱਤੀ ਲਾਟਰੀ

ਮਿਸੀਸਾਗਾ, 10 ਮਈ (ਪੋਸਟ ਬਿਊਰੋ): 'ਦੇਣ ਵਾਲਾ ਜਦੋਂ ਵੀ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ'। ਕੈਨੇਡਾ ਦੇ ਮਿਸੀਸਾਗਾ ਸ਼ਹਿਰ ਦਾ ਸਤਨਾਮ ਸਿੰਘ ਬਨਵੈਤ ਰਾਤੋ-ਰਾਤ 2.5 ਲੱਖ ਡਾਲਰ ਦਾ ਮਾਲਕ ਬਣ ਗਿਆ ਜਦੋਂ ਲੋਟੋ ਮੈਕਸ ਡਰਾਅ ਦੇ 10 ਲੱਖ ਡਾਲਰ ਦੇ ਇਨਾਮ ਵਿਚੋਂ ਚੌਥਾ ਹਿੱਸਾ ਉਸ ਨੂੰ ਮਿ-ਲਆ। ਸਤਨਾਮ ਸਿੰਘ ਬਨਵੈਤ ਨੇ ਦੱਸਿਆ ਕਿ ਉਹ 1987 ਤੋਂ ਲਾਟਰੀ ਖਰੀਦ ਰਿਹਾ ਹੈ ਅਤੇ ਚਾਰ ਸਾਲ ਵਿਚ ਦੂਜੀ ਵਾਰ ਇਨਾਮ ਨਿਕਲਿਆ ਹੈ।




ਚਾਰ ਸਾਲ ਪਹਿਲਾਂ ਸਤਨਾਮ ਸਿੰਘ ਬਨਵੈਤ ਨੇ 10 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ ਸੀ ਪਰ ਇਸ ਵਾਰ ਮਿਲੀ ਰਕਮ ਨਾਲ ਉਹ ਆਪਣੇ ਸੁਪਨੇ ਪੂਰੇ ਕਰ ਸਕੇਗਾ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

## ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀਆਂ ਮੰਗਾਂ ਸੰਦੀਪ ਸਿੰਗਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਕੋਲ ਉਠਾਈਆਂ

ਬਰੈਂਪਟਨ, 10 ਮਈ (ਡਾ. ਝੰਡ) - ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀ ਕਾਰਜਕਾਰਨੀ ਦੀ ਬੀਤੇ ਦਿਨੀਂ ਹੋਈ ਮੀਟਿੰਗ ਵਿਚ ਤਿਆਰ ਕੀਤਾ ਮੰਗ-ਪੱਤਰ 'ਆਮ ਆਦਮੀ ਪਾਰਟੀ' (ਟੋਰਾਂਟੋ) ਦੇ ਵਾਲੰਟੀਅਰ ਸੰਦੀਪ ਸਿੰਗਲਾ, ਜੋ ਇਨ੍ਹੀਂ ਦਿਨੀਂ ਪੰਜਾਬ ਗਏ ਹੋਏ ਹਨ, ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚੰਡੀਗੜ੍ਹ ਮਿਲ ਕੇ ਉਨ੍ਹਾਂ ਨਾਲ ਸਾਂਝਾ ਕੀਤਾ ਗਿਆ। ਇਸ ਮੰਗ-ਪੱਤਰ ਵਿਚ ਉਪਰੋਕਤ ਐਸੋਸੀਏਸ਼ਨ ਨੇ ਸਮੂਹ ਐੱਨ.ਆਰ.ਆਈ. ਪੈੱਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਪੰਜਾਬ ਪੇਅ ਕਮਿਸ਼ਨ ਵੱਲੋਂ 2016 ਤੋਂ ਦਿੱਤੇ ਗਏ 2.59 ਫ਼ਾਰਮੂਲੇ ਦੇ ਵਾਧੇ ਦੇ ਹਿਸਾਬ ਨਾਲ ਨਵੇਂ ਗਰੇਡਾਂ ਅਨੁਸਾਰ ਪੈੱਨਸ਼ਨ ਫਿਕਸ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਪਿਛਲੇ ਕਾਫ਼ੀ ਸਮੇਂ ਤੋਂ ਡੀ.ਏ. ਦੀਆਂ



ਬਕਾਇਆ ਕਿਸ਼ਤਾਂ ਵੀ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।

ਸੰਦੀਪ ਸਿੰਗਲਾ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੂੰ ਫ਼ੋਨ 'ਤੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਰਵੱਈਆ ਇਸ ਸਬੰਧੀ ਹਾਂ-ਪੱਖੀ ਸੀ ਅਤੇ ਉਨ੍ਹਾਂ ਨੇ ਜੂਨ ਮਹੀਨੇ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬੱਜਟ ਵਿਚ ਇਸ ਸਬੰਧੀ ਲੋੜੀਂਦੀ ਰਾਸ਼ੀ ਉਪਲੱਬਧ ਕਰਵਾਉਣ ਦਾ ਯਕੀਨ ਦਿਵਾਇਆ। ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਮੁੱਖ ਮੰਤਰੀ ਦੀ ਪੈੱਨਸ਼ਨਰਾਂ ਪ੍ਰਤੀ ਇਸ ਉਸਾਰੂ ਪਹੁੰਚ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

## ਮੁੱਖ ਮੰਤਰੀ ਮਾਨ ਦਾ ਐਲਾਨ: ਨਿਵੇਸ਼ਕਾਂ ਦੀ ਸਹੂਲਤ ਲਈ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਸਿੰਗਲ ਵਿੰਡੋ ਬਣਾਈ ਜਾਵੇਗੀ

ਚੰਡੀਗੜ੍ਹ, 10 ਮਈ, (ਪੋਸਟ ਬਿਊਰੋ)- ਪੰਜਾਬ ਦੇਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਰਾਜ ਸਰਕਾਰ ਹਰ ਜ਼ਿਲ੍ਹੇਵਿੱਚ ਸਿੰਗਲ ਵਿੰਡੋ ਬਣਾਈ ਜਾਵੇਗੀ ਤਾਂ ਕਿ ਉਦਯੋਗਪਤੀਆਂ ਲਈ ਨਵੇਂ ਪ੍ਰਾਜੈਕਟਾਂ ਚਲਾਉਣ ਦੀ ਪ੍ਰਵਾਨਗੀ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਅੜਿੱਕੇ ਦੂਰ ਹੋ ਸਕਣ।

ਅੱਜ ਏਥੇ ਉਦਯੋਗਿਕ ਕਾਰੋਬਾਰੀਆਂ ਨਾਲ ਮੀਟਿੰਗ ਵਿੱਚਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਸਿੰਗਲ ਵਿੰਡੋਜ਼ ਉਦਯੋਗਪਤੀਆਂ ਨੂੰ ਆਪਣੇ ਪ੍ਰੋਜੈਕਟਾਂ ਲਈ ਫੌਰੀ, ਨਿਰਵਿਘਨ ਅਤੇ ਔਕੜ ਰਹਿਤ ਪ੍ਰਵਾਨਗੀ ਪ੍ਰਾਪਤ ਕਰਨ ਦੇ ਯੋਗ ਬਣਾਉਣਗੀਆਂ। ਉਨ੍ਹਾਂ ਕਿਹਾ ਕਿ ਹਰ ਜ਼ਿਲ੍ਹੇਵਿੱਚ ਸਿੰਗਲ ਵਿੰਡੋ ਬਣਨ ਨਾਲ ਉਦਯੋਗਪਤੀਆਂ ਨੂੰ ਦਫ਼ਤਰਾਂ ਵਿਚ ਭੱਜ-ਦੌੜ ਤੋਂ ਬਿਨਾਂ ਪ੍ਰਵਾਨਗੀਆਂ ਮਿਲਣਗੀਆਂ, ਜਿਸ ਨਾਲ ਉਨ੍ਹਾਂ ਦਾ ਸਮਾਂ, ਪੈਸਾ ਤੇ ਸ਼ਕਤੀਬਚੇਗੀ।

ਪੰਜਾਬ ਨੂੰ ਨਵੇਂ ਨਿਵੇਸ਼ ਲਈ ਸਭ ਤੋਂ ਢੁੱਕਵਾਂ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਦੀ ਨਵੀਂ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ ਦੇ ਨਾਲ ਮਿਹਨਤੀ ਤੇ ਸਮਰਪਿਤ ਮਨੁੱਖੀ ਸ਼ਕਤੀ ਦੇ ਸੁਮੇਲ ਸਦਕਾ ਉਦਯੋਗਿਕ ਵਿਕਾਸ ਵਿੱਚ ਤੇਜ਼ੀ ਲਿਆਉਣ ਵਿੱਚ ਲੋੜ



ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਟੀਚਾ ਪੰਜਾਬ ਨੂੰ ਉਦਯੋਗਿਕ ਵਿਕਾਸ ਵਿਚ ਮੋਹਰੀ ਬਣਾਉਣਾ ਅਤੇ ਵਿਕਾਸ ਦੀ ਲੀਹੇ ਪਾਉਣਾ ਹੈ।ਉਨ੍ਹਾ ਕਿਹਾ ਕਿ ਉਦਯੋਗਿਕ ਵਿਕਾਸ ਦੇ ਯੁੱਗ ਦੀ ਸ਼ੁਰੂਆਤ ਇਕ ਪਾਸੇ ਪੰਜਾਬ ਦੀ ਤਰੱਕੀ ਅਤੇ ਦੂਸਰੇ ਪਾਸੇ ਲੋਕਾਂ ਦੀ ਖੁਸ਼ਹਾਲੀ ਵਿੱਚ ਸਹਾਈ ਹੋਵੇਗੀ।

## ਯੂਨਾਈਟਿਡ ਹਿੰਦੂ ਫਰੰਟ ਵੱਲੋਂ ਕੁਤਬ ਮੀਨਾਰ ਮੂਹਰੇ ਪ੍ਰਦਰਸ਼ਨ, 49 ਗ੍ਰਿਫ਼ਤਾਰ

ਨਵੀਂ ਦਿੱਲੀ, 10 ਮਈ, (ਪੋਸਟ ਬਿਊਰੋ)- ਅਯੁੱਧਿਆ, ਮਥਰਾ ਅਤੇ ਵਾਰਾਣਸੀ ਦੀਆਂ ਮਸਜਿਦਾਂ ਨੂੰ ਮੰਦਰ ਦੱਸਣ ਅਤੇ ਆਗਰੇ ਦੇ ਰਾਜ ਮਹਿਲ ਨੂੰ ਹਿੰਦੂ ਯਾਦਗਾਰ ਕਹਿਣ ਤੋਂ ਬਾਅਦ ਦਿੱਲੀ ਵਿੱਚ ਪ੍ਰਸਿੱਧਕੁਤਬ ਮੀਨਾਰ ਨੂੰ ਵੀ 27 ਹਿੰਦੂ ਤੇ ਜੈਨ ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੇ ਖੰਡਰਾਂ ਉੱਤੇ ਬਣਾਇਆ ਕਹਿ ਦਿੱਤਾ ਗਿਆ ਹੈ।

ਇਸ ਸੰਬੰਧ ਵਿੱਚ ਯੂਨਾਈਟੇਡ ਹਿੰਦੂ ਫਰੰਟ ਨੇ ਕੁਤਬ ਮੀਨਾਰ ਨੂੰ ਵਿਸ਼ਨੂ ਸਤੰਭ ਦੱਸ ਕੇ ਇਥੇ ਕੁਤਬ ਮੀਨਾਰ ਬਣਨ ਤੋਂ ਪਹਿਲਾਂ ਰਹਿ ਚੁੱਕੇ ਦੱਸੇ ਜਾਂਦੇ ਮੰਦਰਾਂ ਦੀਆਂ ਖੰਡਿਤ ਮੂਰਤੀਆਂ ਦਾ ਵਿਸਰਜਨ ਕਰਨ ਅਤੇ ਉਨ੍ਹਾਂ ਨੂੰ ਇਕ ਥਾਂਸਥਾਪਿਤ ਕਰਕੇ ਪੂਜਾ ਕਰਨ ਦਾ ਅਧਿਕਾਰ ਦੇਣ ਦੀ ਮੰਗ ਲਈ ਧਰਨਾ ਦੇਣ ਅਤੇ ਹਨੂਮਾਨ ਚਾਲੀਸਾ ਦਾ ਪਾਠ ਕਰਨ ਦਾ ਪ੍ਰੋਗਰਾਮਸ਼ੁਰੂ ਕੀਤਾ ਹੈ। ਅੱਜ ਇਸ



ਮਕਸਦ ਲਈ ਆਏ ਪ੍ਰਦਰਸ਼ਨਕਾਰੀਆਂ ਦੀ ਅਗਵਾਈਯੂਨਾਈਟੇਡ ਹਿੰਦੂ ਫਰੰਟ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਅਤੇ ਰਾਸ਼ਟਰਵਾਦੀ ਸ਼ਿਵ ਸੈਨਾ ਦੇ ਰਾਸ਼ਟਰੀ ਪ੍ਰਧਾਨ ਜੈ ਭਗਵਾਨ ਗੋਇਲ ਨੇ ਕਰਨੀ ਸੀ, ਪਰ ਉਨ੍ਹਾਂ ਨੂੰ ਸ਼ਾਹਦਰਾ ਦੇ ਉਨ੍ਹਾਂ ਦੇ ਘਰ ਤੋਂ ਪੁਲਸਰੋਕ ਲਿਆ।ਇਸ ਦੇ ਬਾਵਜੂਦ ਵੱਡੀ ਗਿਣਤੀਵਿੱਚ ਕਾਰਕੁਨਾਂ ਨੇ ਕੁਤਬ ਮੀਨਾਰ ਅੱਗੇ ਪ੍ਰਦਰਸ਼ਨ ਕਰਕੇ ਹਨੂਮਾਨ ਚਾਲੀਸਾ ਦਾ ਪਾਠ ਕੀਤਾ। ਪੁਲਸ ਨੇ 49 ਕਾਰਕੁਨਾਂਗ੍ਰਿਫ਼ਤਾਰ ਕਰਕੇ ਫਹਿਤਪੁਰ ਬੇਰੀ ਥਾਣੇ ਲਿਆਂਦਾ, ਜਿਨ੍ਹਾਂਵਿੱਚ ਫਰੰਟ ਦੀ ਅੰਤਰਰਾਸ਼ਟਰੀ ਮੀਤ ਪ੍ਰਧਾਨ ਗੁਰੂ ਮਾਂ ਕੰਚਨ ਗਿਰੀਤੇ ਹੋਰ ਲੋਕ ਸ਼ਾਮਲ ਸਨ।ਜੈ ਭਗਵਾਨ ਗੋਇਲ ਨੇ ਕਿਹਾ ਕਿ ਮੁਗਲ ਬਾਦਸ਼ਾਹਾਂ ਨੇ ਹਿੰਦੂ ਮੰਦਰ ਢਾਹ ਕੇ ਮਸਜਿਦਾਂ ਬਣਾਈਆਂ ਸਨ ਤੇ ਅੱਜ ਉਨ੍ਹਾਂ ਨੂੰ ਫਿਰ ਮੰਦਰਾਂਵਿੱਚ ਬਦਲਣ ਦਾ ਸਮਾਂ ਆ ਗਿਆ ਹੈ। ਕੁਤਬ ਮੀਨਾਰ ਬਣਵਾਉਣ ਲਈ ਢਾਹੇ 27 ਮੰਦਰਾਂ ਦੇ ਖੰਡਰਾਂ ਦੀ ਮੁਰੰਮਤ ਕਰਕੇ ਉਥੇ ਪੂਜਾ-ਅਰਚਨਾ ਦਾ ਅਧਿਕਾਰ ਮੰਗ ਕੇ ਅਸੀਂ ਗਲਤ ਨਹੀਂ ਕਰ ਰਹੇ,ਦਿੱਲੀ ਪੁਲਸ ਨੇ ਤਾਨਾਸ਼ਾਹੀ ਕਰ ਕੇ ਮੈਨੂੰ ਘਰੋਂ ਨਿਕਲਣ ਨਹੀਂ ਦਿੱਤਾ।

## ਸੁਖੋਈ ਜਹਾਜ਼ਾਂ ਦੀ 35 ਹਜ਼ਾਰ ਕਰੋੜ ਦੀ ਯੋਜਨਾ ਮੁਲਤਵੀ

ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਰੂਸ ਤੇ ਯੂਕਰੇਨ ਵਿਚਾਲੇ ਜਾਰੀ ਜੰਗ ਦੌਰਾਨ ਭਾਰਤੀ ਹਵਾਈ ਫੌਜ ਨੇ ਆਪਣੇ ਸੁਖੋਈ-30 ਐਮ ਕੇ ਆਈ ਜੰਗੀ ਜਹਾਜ਼ਾਂ ਦੇ ਬੇੜੇ ਨੂੰ ਅਪਗ੍ਰੇਡ ਕਰਨ ਦੀ 35 ਹਜ਼ਾਰ ਕਰੋੜ ਦੀ ਯੋਜਨਾ ਨੂੰ ਹਾਲੇ ਟਾਲ ਦਿੱਤਾ ਹੈ, ਕਿਉਂਕਿ ਕਈ ਤਕਨੀਕੀ ਮੁਸ਼ਕਲਾਂ ਆ ਰਹੀਆਂ ਸਨ।

ਸਰਕਾਰੀ ਸੂਤਰਾਂ ਮੁਤਾਬਕ 12 ਬੇਹੱਦ ਅਤਿ-ਆਧੁਨਿਕ ਸੁਖੋਈ-30 ਐਮ ਕੇ ਆਈ ਜਹਾਜ਼ਾਂ ਦੇ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਸੌਦੇ ਵਿੱਚ ਕੁਝ ਦੇਰੀ ਹੋਵੇਗੀ, ਕਿਉਂਕਿ ਸਰਕਾਰੀ ਨੀਤੀ ਮੁਤਾਬਕ ਉਸ ਵਿੱਚਵੱਧ ਤੋਂ ਵੱਧ ਮੇਕ ਇਨ ਇੰਡੀਆ ਸਮੱਗਰੀ ਸ਼ਾਮਲ ਕੀਤਾ ਜਾਵੇਗੀ। ਹਵਾਈ ਫੌਜ ਆਪਣੇ 85 ਜਹਾਜ਼ਾਂ ਨੂੰ ਰੂਸ ਅਤੇ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਦੇ ਸਹਿਯੋਗ ਨਾਲ ਅਪਗ੍ਰੇਡ ਕਰਨ ਦੀ ਯੋਜਨਾ ਬਣਾ ਰਹੀਹੈ।ਇਸ ਹੇਠ ਇਨ੍ਹਾਂ ਸੁਖੋਈ 30 ਜਹਾਜ਼ਾਂ ਨੂੰ ਵੱਧ ਸ਼ਕਤੀਸ਼ਾਲੀ ਰਡਾਰ ਤੇ



ਅਤਿ-ਆਧੁਨਿਕ ਇਲੈਕਟ੍ਰਾਨਿਕ ਜੰਗੀ ਸਮਰੱਥਾਵਾਂ ਨਾਲ ਲੈਸ ਕੀਤਾ ਜਾਣਾ ਸੀ, ਤਾਂ ਕਿ ਉਨ੍ਹਾਂ ਨੂੰ ਆਧੁਨਿਕ ਮਾਪਦੰਡਾਂ ਮੁਤਾਬਕ ਵੱਧ ਸ਼ਕਤੀਸ਼ਾਲੀ ਬਣਾਇਆ ਜਾਵੇ। ਸੁਖੋਈ 30 ਐਮ ਕੇ ਆਈ ਭਾਰਤੀ ਹਵਾਈ ਫੌਜ ਦੇ ਮੁੱਖ ਜੰਗੀ ਜਹਾਜ਼ ਹਨ, ਕਿਉਂਕਿ ਵਾਰ-ਵਾਰ ਜੰਗੀ ਜਹਾਜ਼ਾਂ ਦੀ ਕਮੀ ਉੱਤੇ ਧਿਆਨ ਕੀਤੇ ਜਾਣ ਤੋਂ ਬਾਅਦ ਵੱਖ-ਵੱਖ ਕਿਸ਼ਤਾਂ ਵਿੱਚ ਅਜਿਹੇ 272 ਜਹਾਜ਼ਾਂ ਦਾ ਆਰਡਰ ਦਿੱਤਾ ਗਿਆ ਸੀ।ਰੂਸੀ ਜਹਾਜ਼ ਕੰਪਨੀ ਤੋਂ ਇਨ੍ਹਾਂ ਜਹਾਜ਼ਾਂ ਦੇ ਹਿੱਸਿਆਂ ਦੀ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਨੂੰ ਸਪਲਾਈ ਹੁੰਦੀ ਹੈ ਅਤੇ ਨਾਸਿਕ ਦੀ ਫੈਕਟਰੀ ਵਿੱਚ ਇਨ੍ਹਾਂ ਨੂੰ ਅਸੈਂਬਲ ਕੀਤਾ ਜਾਂਦਾ ਹੈ। ਰੂਸ ਤੇ ਯੂਕਰੇਨ ਵਿਚਾਲੇ ਜੰਗ ਕਰਨ ਇਸ ਜੰਗੀ ਜਹਾਜ਼ਾਂ ਦੇ ਬੇੜੇ ਲਈ ਪੁਰਜ਼ਿਆਂ ਦੀ ਸਪਲਾਈ ਵਿੱਚ ਦੇਰੀ ਹੋਈ ਹੈ।ਸੂਤਰਾਂ ਮੁਤਾਬਕ ਹਾਲੇ ਜਹਾਜ਼ਾਂ ਦੀ ਸਥਿਤੀ ਕੰਮ ਚਲਾਉਣ ਲਾਇਕ ਹੈ ਕਿਉਂਕਿ ਭਾਰਤ ਨੇ ਉੜੀ ਸਰਜੀਕਲ ਸਟਰਾਈਕ ਅਤੇ ਚੀਨ ਨਾਲ ਸੰਘਰਸ਼ ਕਾਰਨ ਚੰਗੀ ਮਾਤਰਾ ਵਿੱਚ ਭੰਡਾਰ ਕਰ ਲਿਆ ਹੈ।




## ਅੱਜ ਨਾਮਾ

ਉੱਠਿਆ ਝੋਨੇ ਦੇ ਪਾਣੀ ਦਾ ਨਵਾਂ ਮਸਲਾ,
ਦੇਂਦੀ ਸਰਕਾਰ ਆ ਆਪਣੀ ਰਾਏ ਮੀਆਂ।
ਆਮ ਜਨਤਾ ਦੇ ਵਿੱਚ ਆ ਬਾਤ ਚਰਚਿਤ,
ਕਈ ਵਿਚਾਰ ਬਈ ਵੱਖ ਪ੍ਰਗਟਾਏ ਮੀਆਂ।
ਕਰਿਆ ਕਿਸੇ ਵਿਰੋਧ ਪਿਆ ਕਰੀ ਜਾਵੇ,
ਜਿਹੜਾ ਮੰਨੇ ਹਮਾਇਤ ਨੂੰ ਆਏ ਮੀਆਂ।
ਬਾਹਲੀ ਰਾਏ ਵਿਦਵਾਨਾਂ ਦੀ ਬਣੀ ਇਹੀ,
ਜ਼ਮੀਨਾਂ ਹੇਠ ਕੋਈ ਆਬ ਬਚਾਏ ਮੀਆਂ।
ਚੱਲਦੀ ਬਹਿਸ ਤੇ ਚੱਲਦੀ ਜਾਣ ਦੇਈਏ,
ਤਜਰਬਾ ਹੁੰਦਾ ਤਾਂ ਉਹ ਵੀ ਕਰੋ ਮੀਆਂ।
ਕਹਿਣੀ ਜੀਹਨੇ ਵੀ ਆਪਣੀ ਬਾਤ ਪਾਵੇ,
ਬਿਗਾਨੇ ਮੋਢੇ ਬੰਦੂਕ ਨਹੀਂ ਧਰੋ ਮੀਆਂ।

ਤੀਸ ਮਾਰ ਖਾਂ

# ਪੰਜਾਬ ਪੁਲਸ ਇੰਟੈਲੀਜੈਂਸ ਦਫਤਰ ਦੇ ਧਮਾਕੇ ਵਿੱਚ ਵਰਤਿਆ ਲਾਂਚਰ ਪੁਲਸ ਵੱਲੋਂ ਬਰਾਮਦ

ਚੰਡੀਗੜ੍ਹ, 10 ਮਈ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਇੰਟੈਲੀਜੈਂਸ ਹੈਡਕੁਆਰਟਰ ਮੋਹਾਲੀ ਵਿੱਚ ਸੋਮਵਾਰ ਰਾਤ ਹੋਏ ਧਮਾਕੇ ਦੇ ਮਾਮਲੇ ਵਿੱਚ ਪੰਜਾਬ ਪੁਲਸ ਨੇ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਇਸ ਹਮਲੇ ਵਿੱਚ ਵਰਤਿਆ ਗਿਆ ਲਾਂਚਰ ਬਰਾਮਦ ਕਰ ਲੈਣ ਦਾ ਦਾਅਵਾ ਕੀਤਾ ਹੈ।ਇਹ ਜਾਂਚ ਹਰਿਆਣਾ ਤੱਕ ਵੀ ਚੱਲ ਰਹੀ ਹੈ।

ਵਰਨਣ ਯੋਗ ਹੈ ਕਿ ਸੋਮਵਾਰ ਰਾਤ ਪੰਜਾਬ ਪੁਲਸ ਦੇ ਇੰਟੈਲੀਜੈਂਸ ਹੈੱਡਕੁਆਰਟਰ ਉੱਤੇ ਗ੍ਰਨੇਡ ਹਮਲਾ ਕੀਤਾ ਗਿਆ ਸੀ, ਜਿਸ ਬਾਰੇ ਡੂੰਘਾਈ ਨਾਲ ਜਾਂਚ ਚੱਲ ਰਹੀ ਹੈ।ਇਸ ਰਾਕੇਟ ਲਾਂਚਰ ਹਮਲੇ ਦੇ ਤਾਰ ਹਰਿਆਣਾ ਨਾਲ ਜੁੜਦੇ ਜਾਪਦੇ ਹਨ।ਕੇਸ ਦੀ ਜਾਂਚ ਲਈ ਪੰਜਾਬ ਪੁਲਸ ਵੱਲੋਂ ਬਣਾਈਆਂ ਵਿਸ਼ੇਸ਼ ਟੀਮਾਂ ਚੰਡੀਗੜ੍ਹ-ਨਵੀਂ ਦਿੱਲੀ ਨੈਸ਼ਨਲ ਹਾਈਵੇ ਦੇ ਨਾਲ ਲੱਗਦੇ ਹਰਿਆਣਾ ਦੇ ਇਲਾਕਿਆਂਵਿੱਚ ਛਾਪੇਮਾਰ ਰਹੀਆਂ ਹਨ ਅਤੇ ਪੁਲਿਸ ਨੇ ਕਰੀਬ 12 ਲੋਕਾਂ ਨੂੰ ਹਿਰਾਸਤਵਿੱਚ ਲਿਆ ਹੈ। ਅਤੇ ਇਸ ਪਿੱਛੇ ਲੁਕੀ ਸਾਜ਼ਿਸ਼ ਬਾਰੇ ਵੱਡੇ ਖੁਲਾਸੇ ਹੋ ਸਕਦੇ ਹਨ।

ਪੰਜਾਬ ਪੁਲਸ ਦੇ ਮੁਖੀ, ਡੀਜੀਪੀ, ਵੀ ਕੇ ਭਾਵਰਾ ਨੇ ਦੱਸਿਆਕਿ ਚਲਾਏ ਗਏ ਰਾਕੇਟ ਲਾਂਚਰ ਵਿੱਚ ਟਰਾਈ ਨਾਈਟਰੋਟੋਲੂਨ (ਟੀਐਨਟੀ) ਬਾਰੂਦ ਦੀ ਵਰਤੋਂ ਨਾਲ ਇਹਆਰਪੀਜੀ (ਰਾਕੇਟ ਪ੍ਰੋਪੈਲਡ ਗ੍ਰਨੇਡ) ਦਾਗਿਆ ਗਿਆ ਸੀ।ਏਦਾਂ ਦੇ ਗ੍ਰਨੇਡਾਂ ਦੀ ਵਰਤੋਂ ਆਮ ਕਰ ਕੇ ਅੱਤਵਾਦੀ ਜਥੇਬੰਦੀਆਂ ਕਰਦੀਆਂ ਹਨ, ਇਸ ਲਈ ਇਸ ਨੂੰ ਖਾੜਕੂਆਂ ਦਾ ਹਮਲਾ ਮੰਨਿਆ ਗਿਆ ਹੈ। ਹਮਲੇ ਵੇਲੇ ਰਾਕੇਟ ਵੱਜਣ ਵਾਲੇ ਕਮਰੇ ਵਿੱਚ ਕੋਈ ਨਹੀਂ ਸੀ।ਪੁਲਿਸ ਸੂਤਰਾਂ ਅਨੁਸਾਰ ਜਿਸ ਰਾਕੇਟ ਲਾਂਚਰ ਤੋਂ ਗ੍ਰਨੇਡ ਦਾਗਿਆ ਗਿਆ, ਉਹ ਰੂਸੀ ਮੂਲ ਦਾ, ਪਰ ਪਾਕਿਸਤਾਨਦਾਬਣਿਆ ਹੈ।ਜਦੋਂ ਆਰਪੀਜੀ ਫਾਇਰ ਹੋਇਆ, ਉਸਤੋਂ ਪਹਿਲਾਂ ਇੰਟੈਲੀਜੈਂਸ ਦਫ਼ਤਰਵਿੱਚਵੱਡੇ ਅਫਸਰਾਂ ਦੀ ਵਿਸ਼ੇਸ਼ ਮੀਟਿੰਗ ਚੱਲਦੀ ਸੀ ਅਤੇ ਮੀਟਿੰਗ ਖਤਮ ਹੋਣ ਪਿੱਛੋਂ ਅਫਸਰਾਂ ਨੇ ਪੀਜ਼ਾ ਆਰਡਰ ਕੀਤਾ ਸੀ।ਜਦੋਂ 7:39 ਉੱਤੇ ਡਿਲੀਵਰੀ ਬੁਆਏ ਪੀਜ਼ਾ ਦੇਣ ਲਈ ਖੁਫੀਆ ਦਫਤਰ ਅੱਗੇ ਆਇਆ ਤਾਂ ਦਫਤਰ ਦਾ ਇੱਕ ਕਰਮਚਾਰੀ ਪੀਜ਼ਾ ਲੈਣ ਭੇਜਿਆ ਗਿਆ। ਪੀਜ਼ਾ ਡਿਲੀਵਰੀ ਤੋਂ ਬਾਅਦ ਜਦੋਂ ਪੁਲਿਸ ਮੁਲਾਜ਼ਮ ਉਪਰਲੀ ਮੰਜ਼ਲ ਨੂੰ ਜਾਣ ਲੱਗਾ ਤਾਂ 7.43 ਵਜੇ ਆਰਪੀਜੀ ਫਾਇਰ ਹੋਇਆ। ਗੇਟ ਉੱਤੇ ਸੁਰੱਖਿਆ ਗਾਰਡ ਜਗਤਾਰ ਸਿੰਘ ਨੇ ਤੀਸਰੀ ਮੰਜ਼ਲ ਉੱਤੇ ਬਣੇ ਕਮਰੇ ਨੰਬਰ-41ਤੋਂ ਧੂੰਆਂ ਨਿਕਲਦਾ ਦੇਖਿਆ ਤਾਂ ਪੀਜ਼ਾ ਲੈ ਕੇ ਜਾਂਦੇ ਮੁਲਾਜ਼ਮ ਨੂੰ ਦੱਸਿਆ ਕਿ ਕਮਰੇ ਵਿੱਚ ਲੱਗਾ ਏਸੀ ਫਟ ਗਿਆ ਸੀ। ਜਦੋਂ ਉਹ ਉੱਪਰ ਗਿਆ ਤਾਂ ਕੁਰਸੀ ਉੱਤੇ ਗ੍ਰਨੇਡ ਪਿਆ ਦੇਖਣ ਪਿੱਛੋਂ ਅਧਿਕਾਰੀਆਂ ਨੂੰ ਇਸ ਬਾਰੇਦੱਸਿਆ। ਹਾਲੇ ਤੱਕ ਦੀ ਜਾਂਚ ਮੁਤਾਬਕ ਫਾਇਰ ਹੋਏ ਆਰਪੀਜੀ ਦੀ ਰੇਂਜ 700 ਮੀਟਰ ਤੱਕ ਹੈ ਤੇ ਜਿਵੇਂ ਗ੍ਰਨੇਡ ਕੰਧ ਨਾਲ ਵੱਜਣਪਿੱਛੋਂ ਸ਼ੀਸ਼ਾ ਤੋੜਦਾ ਅੰਦਰ ਗਿਆ, ਉਸ ਤੋਂ ਅੰਦਾਜ਼ਾ ਹੈ ਕਿ ਬਾਰੂਦ ਕਿੱਦਾਂ ਦਾ ਹੈ।ਇਹ ਵੀ ਦੱਸਿਆ ਗਿਆ ਹੈ ਕਿ ਹਮਲੇ ਤੋਂ ਬਾਅਦ ਟੀ-ਸ਼ਰਟਾਂ ਪਹਿਨੇ ਦੋ ਨੌਜਵਾਨ ਪੁਰਾਣੇ ਮਾਡਲ ਦੀ ਸਵਿਫਟ ਕਾਰਵਿੱਚ ਫਰਾਰ ਹੁੰਦੇ ਦਿਖਾਈ ਦਿੱਤੇ ਸਨ।



ਇਸ ਸੰਬੰਧਵਿੱਚਪੰਜਾਬ ਇੰਟੈਲੀਜੈਂਸ ਹੈੱਡ ਕੁਆਟਰ ਮੁਹਾਲੀ ਦੇ ਇੰਚਾਰਜ ਸਬ ਇੰਸਪੈਕਟਰ ਬਲਕਾਰ ਸਿੰਘ ਦੇ ਬਿਆਨਾਂ ਉੱਤੇ ਥਾਣਾ ਸੋਹਾਣਾ ਦੀ ਪੁਲਿਸ ਨੇ ਅਣਪਛਾਤੇ ਦੋਸ਼ੀਆਂ ਦੇ ਵਿਰੁੱਧ ਇਰਾਦਾ ਕਤਲ ਦੀ ਧਾਰਾ 307, ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ 2008 ਦੀ ਧਾਰਾ 16 ਤੇ ਵਿਸਫੋਟਕ ਐਕਟ ਦੀ ਧਾਰਾ 16 ਦਾ ਕੇਸ ਦਰਜ ਕੀਤਾ ਹੈ।ਸ਼ਿਕਾਇਤ ਅਨੁਸਾਰ ਪੰਜਾਬ ਪੁਲੀਸ ਇੰਟੈਲੀਜੈਂਸ ਹੈੱਡਕੁਆਰਟਰ ਮੋਹਾਲੀ ਦੇ ਸੁਰੱਖਿਆ ਇੰਚਾਰਜ ਬਲਕਾਰ ਸਿੰਘ ਨੇ ਦੱਸਿਆ ਕਿ ਉਹ ਸ਼ਾਮ ਨੂੰ ਡਿਊਟੀ ਉੱਤੇ ਸਨ ਤਾਂ ਕਰੀਬ 7:43 ਵਜੇ ਜ਼ੋਰਦਾਰ ਧਮਾਕਾ ਹੋਇਆ, ਜਦੋਂ ਉਹ ਤੀਜੀ ਮੰਜ਼ਿਲ ਉੱਤੇਗਏ ਤੇ ਕਮਰਾ ਨੰਬਰ-41 ਵਿੱਚਵੜੇ ਤਾਂ ਧੂੰਆਂ ਨਿਕਲਦਾ ਦੇਖਿਆ। ਉਨ੍ਹਾਂਦੱਸਿਆ ਕਿ ਜਦੋਂ ਉਹ ਅੰਦਰ ਗਏ ਤਾਂ ਦੇਖਿਆ ਕਿ ਰਾਕੇਟ ਵਾਲਾ ਗ੍ਰਨੇਡ ਖਿੜਕੀ ਦਾ ਸ਼ੀਸ਼ਾ ਤੋੜਨ ਪਿੱਛੋਂ ਕਮਰੇ ਵਿੱਚ ਕੁਰਸੀ ਉੱਤੇ ਡਿਗਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਗ੍ਰਨੇਡ ਪਹਿਲਾਂ ਛੱਤ ਨਾਲ ਵੱਜਿਆ ਅਤੇ ਫਿਰ ਕੁਰਸੀ ਉੱਤੇ ਜਾ ਡਿਗਾ ਸੀ, ਜਿਸ ਕਾਰਨ ਕਮਰੇਵਿੱਚ ਸ਼ੀਸ਼ਾ ਖਿਲਰ ਗਿਆ। ਸੋਹਾਣਾ ਪੁਲਸ ਇਸ ਬਾਰੇ ਅਗਲੀ ਜਾਂਚ ਕਰ ਰਹੀ ਹੈ।

## ਫਾਇਰ ਬ੍ਰਿਗੇਡ ਵਾਲਿਆਂ ਨੂੰ ਅੱਗ ਲੱਗਣ ਦੀਆਂ ਬੋਗਸ ਕਾਲਾਂ

ਜਲੰਧਰ, 10 ਮਈ (ਪੋਸਟ ਬਿਊਰੋ)- ਫਾਇਰ ਬ੍ਰਿਗੇਡ ਇਸ ਸਮੇਂ ਬੋਗਸ ਕਾਲਾਂ ਤੋਂ ਪ੍ਰੇਸ਼ਾਨ ਹੈ। ਲੋਕ ਅੱਗ ਲੱਗਣ ਦੀ ਸੂਚਨਾ 100 ਨੰਬਰ ਉੱਤੇ ਦੇ ਦਿੰਦੇ ਹਨ, ਪਰ ਬਾਅਦ ਵਿਚ ਫੋਨ ਨਹੀਂ ਚੁੱਕਦੇ ਅਤੇ ਕਈ ਵਾਰ ਫੋਨ ਸਵਿਚ ਆਫ ਕਰ ਦਿੰਦੇ ਹਨ। ਇਸ ਦੇ ਇਲਾਵਾ ਵਿਭਾਗ ਕੋਲ ਅਜਿਹੇ ਵੀ ਫੋਨ ਆ ਰਹੇ ਸਨ, ਜਿੱਥੇ ਖਾਲੀ ਪਲਾਟ ਵਿਚ ਥੋੜ੍ਹੇ ਜਿਹੇ ਕੂੜੇ ਨੂੰ ਅੱਗ ਲੱਗੀ ਹੁੰਦੀ ਹੈ ਤਾਂ ਲੋਕ ਫਾਇਰ ਬ੍ਰਿਗੇਡ ਨੂੰ ਫੋਨ ਕਰ ਦਿੰਦੇ ਹਨ। ਵਿਭਾਗ ਦਾ ਕਹਿਣਾ ਹੈ ਕਿ ਅੱਗ ਕਿਸੇ ਤਰ੍ਹਾਂ ਦੀ ਹੋਵੇ, ਉਨ੍ਹਾਂ ਨੂੰ ਪੁੱਜਣਾ ਪੈਂਦਾ ਹੈ। ਕਈ ਵਾਰ ਮਾਮੂਲੀ ਅੱਗ ਵੀ ਵੱਡਾ ਰੂਪ ਲੈ ਲੈਂਦੀ ਹੈ, ਪਰ ਇਸ ਸਮੇਂ ਕਾਫੀ ਬੋਗਸ ਕਾਲਾਂ ਆ ਰਹੀਆਂ ਹਨ, ਜੋ ਸਮਾਂ ਖਰਾਬ ਕਰਦੀਆਂ ਹਨ, ਨਾਲ ਪਰੇਸ਼ਾਨੀ ਦਿੰਦੀਆਂ ਹਨ। ਏ ਡੀ ਐਫ ਓ ਨੇ ਦੱਸਿਆ ਕਿ ਦਿਨ ਵਿੱਚ ਦੋ ਤੋਂ ਤਿੰਨ ਅਜਿਹੀਆਂ ਬੋਗਸ ਕਾਲਾਂ ਆ ਜਾਂਦੀਆਂ ਹਨ, ਜਿੱਥੇ ਅੱਗ ਲੱਗੀ ਨਹੀਂ ਹੁੰਦੀ, ਪਰ ਤਸੱਲੀ ਲਈ ਕਰਮਚਾਰੀ ਉਸ ਜਗ੍ਹਾ ਜਾਂਦੇ ਹਨ। ਕਈ ਵਾਰ ਕਾਲ ਕਰਨ ਦੇ ਬਾਅਦ ਲੋਕ ਫਿਰ ਨਹੀਂ ਚੁੱਕਦੇ ਅਤੇ ਕਈ ਵਾਰ ਸਵਿਚ ਆਫ ਕਰ ਦਿੰਦੇ ਹਨ।

# ਭਾਰਤ ਦੇ ਕੁਝ ਰਾਜਾਂ ਵਿਚ ਹਿੰਦੂਆਂ ਨੂੰ ਘੱਟ ਗਿਣਤੀ ਦਰਜਾ ਦੇਣ ਬਾਰੇ ਚਰਚਾ ਸ਼ੁਰੂ

*** ਕੇਂਦਰ ਨੇ ਅਦਾਲਤ ਨੂੰ ਕਿਹਾ, ਰਾਜਾਂ ਨਾਲ ਗੱਲ ਕਰਨੀ ਪਵੇਗੀ**

ਨਵੀਂ ਦਿੱਲੀ, 10 ਮਈ, (ਪੋਸਟ ਬਿਊਰੋ)- ਭਾਰਤ ਦੇ ਜਿਹੜੇ ਰਾਜਾਂ ਵਿੱਚਹਿੰਦੂਆਂ ਦੀ ਗਿਣਤੀ ਘੱਟ ਹੈ, ਉਥੇ ਉਨ੍ਹਾਂ ਨੂੰ ਘੱਟ ਗਿਣਤੀ ਦਾ ਦਰਜਾ ਦਿੱਤਾ ਜਾ ਸਕਦਾ ਹੈ ਜਾਂ ਨਹੀਂ? ਸੁਪਰੀਮ ਕੋਰਟ ਵਿੱਚ ਇਹ ਸਵਾਲ ਇੱਕ ਵਾਰ ਫਿਰ ਉੱਠਣ ਉੱਤੇ ਕੇਂਦਰ ਸਰਕਾਰ ਨੇ ਇਸ ਬਾਰੇ ਰਾਜਾਂ ਨਾਲ ਗੱਲ ਕਰਨ ਦਾ ਬਿਆਨ ਦਿੱਤਾ ਹੈ।

ਇਸ ਸੰਬੰਧ ਵਿੱਚ ਕੇਂਦਰ ਦੀ ਸਰਕਾਰ ਨੇ ਤਾਜ਼ਾ ਐਫੀਡੇਵਿਟ ਦਾਇਰ ਕਰ ਕੇ ਕਿਹਾ ਹੈ ਕਿ ਉਸ ਨੂੰ ਇਸ ਬਾਰੇ ਰਾਜ ਸਰਕਾਰਾਂ ਅਤੇ ਹੋਰਨਾਂ ਧਿਰਾਂ ਨਾਲ ਸਲਾਹ-ਮਸ਼ਵਰੇ ਦੀ ਲੋੜ ਹੈ, ਕਿਉਂਕਿ ਇਸ ਦੇ ਦੇਸ਼ ਵਿੱਚਭਵਿੱਖ ਵਿੱਚ ਕਈ ਪ੍ਰਭਾਵ ਪੈਣਗੇ ਅਤੇਵੱਡੀ ਚਰਚਾ ਤੋਂ ਬਿਨਾਂ ਲਿਆ ਫੈਸਲਾ ਦੇਸ਼ ਲਈ ਅਚਾਨਕ ਉਲਝਣਾਂ ਪੈਦਾ ਕਰ ਸਕਦਾ ਹੈ।

ਪਤਾ ਲੱਗਾ ਹੈ ਕਿ ਐਡਵੋਕੇਟ ਅਸ਼ਵਨੀ ਉਪਾਧਿਆਏ ਵੱਲੋਂ ਕੀਤੀ ਗਈ ਪਟੀਸ਼ਨ ਦੇ ਜਵਾਬ ਵਿੱਚ ਕੇਂਦਰੀ ਘੱਟ ਗਿਣਤੀ ਮੰਤਰਾਲੇ ਨੇ ਇਹ ਐਫੀਡੇਵਿਟਪੇਸ਼ ਕੀਤਾ ਹੈ। ਕੇਂਦਰ ਦਾ ਨਵਾਂ ਸਟੈਂਡ ਕਈ ਤਰ੍ਹਾਂ 25 ਮਾਰਚ ਨੂੰ ਪੇਸ਼ ਕੀਤੇ ਐਫੀਡੇਵਿਟਤੋਂ ਵੱਖਰਾ ਹੈ, ਜਿਸ ਵਿੱਚ ਇਸ ਨੇ ਹਿੰਦੂਆਂ ਨੂੰ ਘੱਟ ਗਿਣਤੀ ਐਲਾਨਣ ਦੀ ਜ਼ਿੰਮੇਵਾਰੀ ਰਾਜਾਂ ਵੱਲ ਸੁੱਟਣ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਕੇਂਦਰ ਸਰਕਾਰ ਨੇ ਕਿਹਾ ਸੀ ਕਿ ਰਾਜਾਂ ਨੂੰ ਅਧਿਕਾਰ ਹੈ ਕਿ ਉਹ ਕਿਸੇ ਫਿਰਕੇ ਨੂੰ ਘੱਟ ਗਿਣਤੀ ਐਲਾਨ ਕਰ ਸਕਦੇ ਹਨ ਅਤੇ ਕੇਂਦਰਨੇ ਇਹ ਕਹਿ ਕੇ ਪਟੀਸ਼ਨ ਰੱਦ ਕਰਨ ਦੀ ਮੰਗ ਕੀਤੀ ਸੀ ਕਿ ਪਟੀਸ਼ਨਰ ਦੀ ਮੰਗ ਕਿਸੇ ਵੱਡੇ ਜਨਤਕ ਜਾਂ ਰਾਸ਼ਟਰੀ ਹਿੱਤ ਵਿੱਚ ਨਹੀਂ। ਕੇਂਦਰ ਸਰਕਾਰ ਨੇ ਇਹ ਐਫੀਡੇਵਿਟਸੁਪਰੀਮ ਕੋਰਟ ਦੇ ਲਗਾਤਾਰ ਜ਼ੋਰ ਦੇਣ ਅਤੇ 7500 ਰੁਪਏ ਦਾ ਜੁਰਮਾਨਾ ਲਾਏ ਜਾਣ ਮਗਰੋਂ ਪੇਸ਼ ਕੀਤਾ ਸੀ।

ਇੱਕ ਅਖਬਾਰ ਦੀ ਰਿਪੋਰਟ ਮੁਤਾਬਕ ਅਸ਼ਵਨੀ ਉਪਾਧਿਆਏ ਦੀ ਜਿਸ ਪਟੀਸ਼ਨ ਉੱਤੇ ਕੇਂਦਰ ਨੇਐਫੀਡੇਵਿਟ ਪੇਸ਼ ਕੀਤਾ ਹੈ, ਉਹ 2020 ਵਿੱਚਪੇਸ਼ਹੋਈ ਸੀ। ਇਸ ਤੋਂ ਪਹਿਲਾਂ 2017 ਵਿੱਚ ਉਨ੍ਹਾਂ ਨੇ ਹਿੰਦੂਆਂ ਨੂੰ ਘੱਟ ਗਿਣਤੀ ਦਾ ਦਰਜਾ ਦੇਣ ਦੀ ਮੰਗ ਬਾਰੇ ਪਹਿਲੀ ਵਾਰ ਸੁਪਰੀਮ ਕੋਰਟ ਪਹੁੰਚ ਕੀਤੀ ਸੀ ਤਾਂ ਇਹ ਕੇਸ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਭੇਜਿਆ ਗਿਆ ਸੀ, ਜਿਸ ਨੇ ਕਿਹਾ ਸੀ ਕਿ ਇਹ ਰਾਹਤ ਸਿਰਫ਼ ਕੇਂਦਰ ਸਰਕਾਰ ਦੇ ਸਕਦੀ ਹੈ।

# ਵਿਧਾਇਕ ਸੁਖਵਿੰਦਰ ਕੋਟਲੀ ਸੜਕ ਹਾਦਸੇ ਵਿੱਚ ਜ਼ਖ਼ਮੀ

*** ਦੋ ਪੱਸਲੀਆਂ ਤੇ ਸੱਜੀ ਲੱਤ ਦੋ ਥਾਵਾਂ ਤੋਂ ਟੁੱਟੀ**



ਜਲੰਧਰ, 10 ਮਈ, (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਆਦਮਪੁਰ ਤੋਂ ਕਾਂਗਰਸ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਮੰਗਲਵਾਰ ਸ਼ਾਮ ਸੜਕ ਹਾਦਸੇਵਿੱਚ ਜ਼ਖਮੀ ਹੋ ਗਏ। ਉਨ੍ਹਾਂ ਨੂੰ ਰਾਮਾ ਮੰਡੀ ਦੇ ਜੌਹਲ ਹਸਪਤਾਲਵਿੱਚ ਦਾਖਲ ਕਰਵਾਇਆ ਗਿਆ ਹੈ। ਕੋਟਲੀ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ, ਪਰ ਹਾਦਸੇ ਦੌਰਾਨ ਦੋ ਪੱਸਲੀਆਂ ਅਤੇ ਸੱਜੀ ਲੱਤ ਦੋ ਥਾਵਾਂ ਤੋਂ ਟੁੱਟੀ ਹੈ। ਉਨ੍ਹਾਂ ਨਾਲ ਪਿਛਲੀ ਸੀਟ ਉੱਤੇ ਬੈਠੇ ਪੀਏ ਦੀ ਬਾਂਹ ਟੁੱਟ ਗਈ ਹੈ।

ਹਾਦਸੇ ਬਾਰੇ ਸੁਖਵਿੰਦਰ ਸਿੰਘ ਕੋਟਲੀ ਦੇ ਸਾਥੀ ਮੁਕੰਦਰ ਲਾਲ ਅਲਾਵਲਪੁਰ ਨੇ ਦੱਸਿਆ ਕਿ ਚੰਡੀਗੜ੍ਹੋਂ ਮੁੜਦੇਵਿਧਾਇਕ ਅੱਗੇ ਡਰਾਈਵਰ ਨਾਲ ਫਰੰਟ ਸੀਟ ਉੱਤੇ ਸਨ। ਸ਼ਾਮ ਕਰੀਬ ਸਾਢੇ ਛੇ ਵਜੇ ਨਵਾਂਸ਼ਹਿਰ ਦੇ ਕਸਬਾ ਬਹਿਰਾਮ ਨੇੜੇ ਹਾਈਵੇ ਉੱਤੇ ਦੋਪਹੀਆ ਵਾਹਨਵਾਲੇ ਬੱਚੇ ਅਚਾਨਕ ਅੱਗੇ ਆ ਗਏ ਤਾਂ ਉਨ੍ਹਾਂ ਨੂੰ ਬਚਾਉਣ ਲਈ ਡਰਾਈਵਰ ਨੇ ਬਰੇਕ ਮਾਰੀ ਤਾਂ ਬੇਕਾਬੂ ਹੋ ਕੇ ਡਿਵਾਈਡਰ ਨਾਲ ਵੱਜਣ ਪਿੱਛੋਂ ਖੰਭੇਵਿੱਚ ਜਾ ਵੱਜੀ, ਜਿਸ ਨਾਲ ਵਿਧਾਇਕ ਕੋਟਲੀ ਤੇ ਪਿਛਲੀ ਸੀਟ ਉੱਤੇ ਬੈਠਾ ਉਨ੍ਹਾਂ ਦਾ ਪੀਏ ਜ਼ਖਮੀ ਹੋ ਗਏ। ਦੋਵਾਂ ਨੂੰ ਜੌਹਲ ਹਸਪਤਾਲ ਦਾਖਲ ਕਰਵਾਇਆ ਹੈ। ਜੌਹਲ ਹਸਪਤਾਲ ਦੇ ਐੱਮਡੀ ਡਾ. ਬਲਜੀਤ ਸਿੰਘ ਜੌਹਲ ਨੇ ਦੱਸਿਆ ਕਿ ਵਿਧਾਇਕ ਸੁਖਵਿੰਧਰ ਸਿੰਘ ਕੋਟਲੀ ਨੂੰ ਮੁੱਢਲੀ ਸਹਾਇਤਾ ਪਿੱਛੋਂ ਪੜਤਾਲ ਵਿੱਚ ਪਤਾ ਲੱਗਾ ਕਿ ਉਨ੍ਹਾਂ ਦੀਆ ਦੋ ਪੱਸਲੀਆਂ ਅਤੇ ਸੱਜੀ ਲੱਤ ਦੋ ਥਾਵਾਂ ਤੋਂ ਟੁੱਟ ਗਈ ਹੈ ਅਤੇ ਮੋਢੇ ਉੱਤੇ ਵੀ ਸੱਟ ਹੈ। ਉਨ੍ਹਾਂ ਦੇ ਪੀਏ ਦੀ ਬਾਂਹ ਟੁੱਟ ਗਈ ਹੈ, ਪਰ ਦੋਵੇਂ ਜਣੇ ਖਤਰੇ ਤੋਂ ਬਾਹਰ ਹਨ।



















# ਸਾਹਨੇਵਾਲ ਦੇ ਪਿੰਡ ਮੰਡ ਚੌਂਤਾ ਵਿਖੇ ਸਰਕਾਰ ਵੱਲੋਂ 60 ਏਕੜ ਸਰਕਾਰੀ ਜ਼ਮੀਨ ਨਾਜਾਇਜ਼ ਕਬਜ਼ਿਆਂ ਤੋਂ ਮੁਕਤ

ਸਾਹਨੇਵਾਲ (ਲੁਧਿਆਣਾ), 10 ਮਈ (ਗਿਆਨ ਸਿੰਘ) ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਸਰਕਾਰੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ ਹੈ, ਉਨ੍ਹਾਂ ਕਿਹਾ ਕਿ ਪੰਚਾਇਤੀ ਜਮੀਨਾਂ ਤੋਂ ਹਰ ਹਾਲ ਨਾਜਾਇਜ਼ ਕਬਜੇ ਛੁਡਵਾਏ ਜਾਣਗੇ ਭਾਵੇਂ ਇਨ੍ਹਾਂ ਜਮੀਨਾਂ ਤੇ ਗਲਤ ਢੰਗ ਨਾਲ ਕਾਬਜ ਲੋਕ ਕਿੰਨੇ ਵੀ ਰਸੂਖਦਾਰ ਕਿਉਂ ਨਾ ਹੋਣ।

ਕੈਬਨਿਟ ਮੰਤਰੀ ਨੇ ਇਹ ਗੱਲ ਅੱਜ ਸਾਹਨੇਵਾਲ ਸਬ-ਡਵੀਜ਼ਨ ਦੇ ਪਿੰਡ ਮੰਡ ਚੌਂਤਾ ਦੀ 60 ਏਕੜ 4 ਕਨਾਲ 11 ਮਰਲੇ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਜਗਤਾਰ ਸਿੰਘ ਦਿਆਲਪੁਰਾ, ਜੀਵਨ ਸਿੰਘ ਸੰਗੋਵਾਲ, ਏਡੀਸੀ (ਪੇਂਡੂ ਵਿਕਾਸ)



ਅਮਿਤ ਕੁਮਾਰ ਪੰਚਾਲ, ਡੀਡੀਪੀਓ ਸੰਜੀਵ ਕੁਮਾਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ, ਜਿੱਥੇ ਹੁਣ ਤੱਕ ਕੁੱਲ 121 ਏਕੜ (ਅੱਜ ਦੀ 60 ਏਕੜ 4 ਕਨਾਲ 11 ਮਰਲੇ ਸਮੇਤ) ਸਰਕਾਰੀ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਗਿਆ ਹੈ।

ਕੈਬਨਿਟ ਮੰਤਰੀ ਨੇ ਇਹ ਵੀ ਖੁਲਾਸਾ ਕੀਤਾ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਹੁਣ ਤੱਕ ਸੂਬੇ ਭਰ ਵਿੱਚ ਕਈ ਸੌ ਏਕੜ ਜ਼ਮੀਨ ਖਾਲੀ ਕਰਵਾਈ ਹੈ।

ਉਨ੍ਹਾਂ ਕਿਹਾ ਕਿ ਪਿੰਡ ਮੰਡ ਚੌਂਤਾ ਵਿਖੇ 60 ਏਕੜ 4 ਕਨਾਲ 11 ਮਰਲੇ ਜ਼ਮੀਨ 'ਤੇ ਸਾਲ 2007 ਤੋਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਪੰਜਾਬ ਸਰਕਾਰ ਵੇਲੇ ਤੋਂ ਹੀ ਪਿੰਡ ਦੇ ਵੱਖ-ਵੱਖ 18 ਵਿਅਕਤੀਆਂ ਦਾ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ।

ਪਿਛਲੀਆਂ ਸਰਕਾਰਾਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਵੱਲੋਂ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਕੋਈ ਠੋਸ ਕਦਮ ਨਾ ਚੁੱਕਣ ਬਾਰੇ ਬੋਲਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਵਾਲੇ ਦਿਨਾਂ ਵਿੱਚ ਕਬਜ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਹੋਰ ਤੇਜ਼ ਕਰੇਗੀ। ਉਨ੍ਹਾਂ ਕਿਹਾ ਕਿ ਇਹ ਕੇਵਲ ਇੱਕ ਮਜ਼ਬੂਤ ਰਾਜਨੀਤਿਕ ਇੱਛਾ ਸ਼ਕਤੀ ਦੁਆਰਾ ਯਕੀਨੀ ਬਣਾਇਆ ਜਾ ਸਕੇਗਾ ਜਿਸ ਨੂੰ ਆਮ ਆਦਮੀ ਪਾਰਟੀ ਪਹਿਲਾਂ ਹੀ ਲਾਗੂ ਕਰ ਚੁੱਕੀ ਹੈ।

ਗੈਰ-ਕਾਨੂੰਨੀ ਕਬਜ਼ਿਆਂ ਤੋਂ ਮੁਕਤ ਕਰਵਾਈਆਂ ਜਾ ਰਹੀਆਂ ਜ਼ਮੀਨਾਂ ਦੇ ਵੇਰਵੇ ਦਿੰਦਿਆਂ ਮੰਤਰੀ ਨੇ ਕਿਹਾ ਕਿ ਵਾਹੀਯੋਗ ਜ਼ਮੀਨਾਂ ਨੂੰ ਨਿਯਮਾਂ ਅਨੁਸਾਰ ਖੇਤੀਬਾੜੀ ਲਈ ਲੀਜ਼ 'ਤੇ ਦਿੱਤਾ ਜਾਵੇਗਾ ਅਤੇ ਵਪਾਰਕ ਜ਼ਮੀਨਾਂ ਨੂੰ ਵਪਾਰ ਅਤੇ ਦੁਕਾਨਾਂ ਦੀ ਉਸਾਰੀ ਲਈ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਖਜ਼ਾਨੇ ਨੂੰ ਹੋਰ ਮਜ਼ਬੂਤ ਕਰਨ ਲਈ ਕੁਝ ਵਿਕਣਯੋਗ ਜ਼ਮੀਨਾਂ ਨੂੰ ਵੇਚਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਸਾਲ 2010 ਦੀ ਰਿਪੋਰਟ ਅਨੁਸਾਰ 50,000 ਏਕੜ ਤੋਂ ਵੱਧ ਸਰਕਾਰੀ ਜ਼ਮੀਨਾਂ ਨਾਜਾਇਜ਼ ਕਬਜ਼ੇ ਹੇਠ ਸਨ, ਮੰਤਰੀ ਨੇ ਕਿਹਾ ਕਿ ਵਿਭਾਗ ਨੂੰ 2021 ਤੱਕ ਨਵੇਂ ਵੇਰਵੇ ਤਿਆਰ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ ਤਾਂ ਜੋ ਲੋੜੀਂਦੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ।

# ਗਵਰਨਰ ਸਤਿਆਪਾਲ ਮਲਿਕ ਫਿਰ ਬੋਲੇ: ਕਿਸਾਨਾਂ ਨਾਲ ਕੀਤੇ ਗਏ ਵਾਅਦੇ ਹਾਲੇ ਵੀ ਪੂਰੇ ਨਹੀਂ ਹੋਏ

ਮੁਜ਼ੱਫਰਨਗਰ, 10 ਮਈ (ਪੋਸਟ ਬਿਊਰੋ)- ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਨੇ ਕਿਹਾ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦਾ ਅੰਦੋਲਨ ਖ਼ਤਮ ਕਰਨ ਲਈ ਕੀਤੇ ਵਾਅਦੇ ਹਾਲੇ ਤਕ ਪੂਰੇ ਨਹੀਂ ਕੀਤੇ। ਮਲਿਕ ਨੇ ਘੱਟੋ-ਘੱਟ ਸਮਰਥਨ (ਐਮ ਐਸ ਪੀ) ਉੱਤੇ ਕਾਨੂੰਨ ਦੀ ਵਕਾਲਤ ਕੀਤੀ ਹੈ। ਇਸ ਸੰਬੰਧ ਵਿੱਚ ਸੱਤਿਆਪਾਲ ਮਲਿਕ ਨੇ ਕਿਹਾ ਕਿ ਕਿਸਾਨਾਂ ਨੇ ਸਿਰਫ ਦਿੱਲੀ ਵਿੱਚ ਧਰਨਾ ਖ਼ਤਮ ਕੀਤਾ ਹੈ, ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਵਿਰੁੱਧ ਉਨ੍ਹਾਂ



ਦਾ ਅੰਦੋਲਨ ਹਾਲੇ ਤੱਕ ਜਿੰਦਾ ਹੈ। ਉਨ੍ਹਾ ਨੇ ਕੱਲ੍ਹ ਸ਼ਾਮ ਇੱਥੇ ਕਿਹਾ ਕਿ ਸਰਕਾਰ ਨੂੰ ਕਿਸਾਨੀ ਮੁੱਦੇ ਹੱਲ ਕਰਨ ਲਈ ਐਮ ਐਸ ਪੀ ਉੱਤੇ ਕਾਨੂੰਨ ਬਣਾਉਣਾ ਚਾਹੀਦਾ ਹੈ। ਮਲਿਕ ਨੇ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਮੁੱਦਿਆਂ ਉੱਤੇ ਵੀ ਚਰਚਾ ਕੀਤੀ ਅਤੇ ਕਿਹਾ,"ਮੁੱਖ ਮੁੱਦਿਆਂ ਦੀ ਬਜਾਏ ਬੇਲੋੜੇ ਮਾਮਲਿਆਂ ਉੱਤੇ ਚਰਚਾ ਹੋ ਰਹੀ ਹੈ।" ਉਨ੍ਹਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਨਾਲ ਮਿਲ ਕੇ ਰੁਜ਼ਗਾਰ ਅਤੇ ਅਜਿਹੇ ਹੋਰ ਮਾਮਲਿਆਂ ਨੂੰ ਚੁੱਕਣ ਲਈ ਕਿਹਾ। ਮਲਿਕ ਬਾਘਰਾ ਦਰਗਾਹ ਵੀ ਗਏ ਅਤੇ ਉਨ੍ਹਾਂ ਨੇ ਰਾਸ਼ਟਰੀ ਲੋਕ ਦਲ ਅਤੇ ਸਮਾਜਵਾਦੀ ਪਾਰਟੀ ਸਮੇਤ ਕਈ ਦਲਾਂ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ।

# ਬੀਮਾ ਕੰਪਨੀ ਉਡਾਰੀ ਮਾਰ ਗਈ, ਨੋਟਿਸ ਦੇਣ ਦੀ ਤਿਆਰੀ

ਚੰਡੀਗੜ੍ਹ, 10 ਮਈ (ਪੋਸਟ ਬਿਊਰੋ)- ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਹੇਠ ਪੰਜਾਬ ਦੇ ਲੋਕਾਂ ਨੂੰ ਮੁਫਤ ਸਿਹਤ ਸੇਵਾਵਾਂ ਦੇਣ ਦਾ ਇਕਰਾਰ ਤੋੜਨ ਵਾਲੀ ਕੰਪਨੀ ਨੂੰ ਪੰਜਾਬ ਸਰਕਾਰ ਨੇ ਨੋਟਿਸ ਦੇਣ ਦੀ ਤਿਆਰੀ ਕਰ ਲਈ ਹੈ। ਪੰਜਾਬ ਸਰਕਾਰ ਸਟੇਟ ਬੈਂਕ ਆਫ ਇੰਡੀਆ ਦੀ ਇੰਸ਼ੋਰੈਂਸ ਕੰਪਨੀ ਨੂੰ ਕਰੋੜਾਂ ਰੁਪਏ ਦਾ ਭੁਗਤਾਨ ਨਾ ਕਰਨ ਦੀ ਗੱਲ ਮੰਨਦੀ ਹੈ, ਪਰ ਕੰਪਨੀ ਵੱਲੋਂ ਚੁੱਪ-ਚੁਪੀਤੇ ਸਿਹਤ ਸੇਵਾਵਾਂ ਦੇਣ ਤੋਂ ਭੱਜਣ ਨਾਲ ਸਰਕਾਰ ਦੀ ਕਿਰਕਰੀ ਹੋ ਰਹੀ ਹੈ। ਮਰੀਜ਼ਾਂ ਦੀ ਵੱਡੇ ਪੱਧਰ ਉੱਤੇ ਖੱਜਲ ਖੁਆਰੀ ਕਾਰਨ ਸਿਹਤ ਵਿਭਾਗ ਨੇ ਇੰਸ਼ੋਰੈਂਸ ਕੰਪਨੀ ਨੂੰ ਆਖਰੀ ਮੌਕਾ ਦੇਣ ਲਈ ਨੋਟਿਸ ਜਾਰੀ ਕਰਨ ਦਾ ਫੈਸਲਾ ਕੀਤਾ ਹੈ। ਸਿਹਤ ਮੰਤਰੀ ਡਾਕਟਰ ਵਿਜੈ ਸਿੰਗਲਾ ਨੇ ਕਿਹਾ ਕਿ ਕੰਪਨੀ ਨੂੰ ਆਖਰੀ ਮੌਕਾ ਦਿੱਤਾ ਜਾਵੇਗਾ, ਨਹੀਂ ਤਾਂ ਬਲੈਕਲਿਸਟ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਜਾਵੇਗੀ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਗਰੀਬ, ਲੋੜਵੰਦ ਲੋਕਾਂ ਦੇ ਸਸਤੇ ਤੇ ਮੁਫਤ ਇਲਾਜ ਲਈ ਆਯੁਸ਼ਮਾਨ ਯੋਜਨਾ ਸ਼ੁਰੂ ਕੀਤੀ ਸੀ। ਓਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਕੀਮ ਦਾ ਘੇਰਾ ਵਧਾਇਆ ਅਤੇ ਜੇ ਫਾਰਮ ਲੈਣ ਵਾਲੇ ਕਿਸਾਨਾਂ, ਪੱਤਰਕਾਰਾਂ, ਨੀਲੇ ਕਾਰਡ ਧਾਰਕਾਂ ਸਣੇ 45 ਲੱਖ ਦੇ ਕਰੀਬ ਪਰਵਾਰਾਂ ਨੂੰ ਸਕੀਮ ਦਾ ਲਾਭ ਦੇਣ ਦਾ ਫੈਸਲਾ ਕੀਤਾ ਸੀ। ਇਸ ਸਕੀਮ ਦਾ ਮਰੀਜ਼ਾਂ, ਲੋੜਵੰਦ ਲੋਕਾਂ ਨੂੰ ਲਾਭ ਦੇਣ ਲਈ ਸਟੇਟ ਬੈਂਕ ਆਫ ਇੰਡੀਆ ਦੀ ਇੰਸ਼ੋਰੈਂਸ ਕੰਪਨੀ ਨਾਲ ਇਕਰਾਰ ਕੀਤਾ ਸੀ। ਸੂਬੇ ਦੇ 686 ਹਸਪਤਾਲਾਂ ਜਿਨ੍ਹਾਂ ਵਿੱਚ ਸਰਕਾਰੀ ਹਸਪਤਾਲ ਵੀ ਹਨ, ਨੂੰ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਚੁਣਿਆ ਗਿਆ ਸੀ।ਨਿੱਜੀ ਹਸਪਤਾਲਾਂ ਨੇ ਮਰੀਜ਼ਾਂ ਦੇ ਇਲਾਜ ਦੀ ਵਸੂਲੀ ਦੇ ਬਿੱਲ ਭੇਜੇ, ਪਰ ਸੂਬਾ ਸਰਕਾਰ ਨੇ ਕੰਪਨੀ ਨੂੰ ਕਰੋੜਾਂ ਰੁਪਏ ਦੀ ਅਦਾਇਗੀ ਨਹੀਂ ਕੀਤੀ।

# ਵਿਸ਼ੇਸ਼ ਲੋੜਾਂ ਵਾਲੇ ਲੜਕੇ ਨੂੰ ਜਹਾਜ਼ ਉਤੇ ਚੜ੍ਹਨ ਤੋਂ ਰੋਕਣ ਦੀ ਜਾਂਚ ਸ਼ੁਰੂ

### * ਡੀ ਜੀ ਸੀ ਏ ਨੇ 3 ਮੈਂਬਰੀ ਤੱਥ ਖੋਜ ਕਮੇਟੀ ਬਣਾਈ

ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਭਾਰਤ ਦੀ ਇੱਕ ਹਵਾਈ ਕੰਪਨੀ ਇੰਡੀਗੋ ਵੱਲੋਂ ਰਾਂਚੀ ਹਵਾਈ ਅੱਡੇ ਉੱਤੇ ਇੱਕ ਵਿਸ਼ੇਸ਼ ਲੋੜਾਂ ਵਾਲੇ ਲੜਕੇ ਨੂੰ ਜਹਾਜ਼ ਵਿੱਚ ਚੜ੍ਹਨ ਤੋਂ ਰੋਕਣ ਦੀ ਘਟਨਾ ਦੇ ਇੱਕ ਦਿਨ ਬਾਅਦ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿਤਿਆ ਸਿੰਧੀਆ ਨੇ ਕਿਹਾ ਕਿ ਅਜਿਹਾ ਵਤੀਰਾ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਵੀ ਵਿਅਕਤੀ ਨੂੰ ਅਜਿਹੀ ਸਥਿਤੀ ਵਿੱਚੋਂ ਲੰਘਣਾ ਨਾ ਪਵੇ।

ਬੇਸ਼ੱਕ ਸਿੰਧੀਆ ਨੇ ਕਹਿ ਦਿੱਤਾ ਕਿ ਉਹ ਇਸ ਘਟਨਾ ਦੀ ਜਾਂਚ ਖੁਦ ਕਰ ਰਹੇ ਹਨ, ਫਿਰ ਵੀ ਡਾਇਰੈਕਟੋਰੇਟ ਜਨਰਲ ਸ਼ਹਿਰੀ ਹਵਾਬਾਜ਼ੀ ਨੇ ਤਿੰਨ ਮੈਂਬਰੀ ਇੱਕ ਤੱਥ ਖੋਜ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਵਰਨਣ ਯੋਗ ਹੈ



ਕਿ ਬੀਤੇਸ਼ਨੀਵਾਰ ਵਿਸ਼ੇਸ਼ ਲੋੜਾਂ ਵਾਲੇ ਇੱਕ ਲੜਕੇ ਨੂੰ ਰਾਂਚੀ ਤੋਂ ਹੈਦਰਾਬਾਦ ਜਾਂਦੇ ਜਹਾਜ਼ ਵਿੱਚ ਸਵਾਰ ਹੋਣ ਤੋਂ ਰੋਕ ਦਿੱਤਾ ਗਿਆ ਸੀ। ਇਸ ਉੱਤੇ ਉਸ ਦੇ ਮਾਪੇ ਵੀ ਜਹਾਜ਼ ਵਿੱਚ ਸਵਾਰ ਨਹੀਂ ਸਨ ਹੋਏ। ਦੂਜੇ ਯਾਤਰੀਆਂ ਵੱਲੋਂ ਐਤਵਾਰ ਨੂੰ ਸੋਸ਼ਲ ਮੀਡੀਆ ਉੱਤੇ ਇਸ ਘਟਨਾ ਬਾਰੇ ਪੋਸਟਾਂ ਪਾਏ ਜਾਣ ਪਿੱਛੋਂ ਇਹ ਮਾਮਲਾ ਸਾਹਮਣੇ ਆਇਆ ਸੀ। ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐਨ ਸੀ ਪੀ ਸੀ ਆਰ) ਦੀ ਚੇਅਰਪਰਸਨ ਨੇ ਝਾਰਖੰਡ ਪੁਲਸ ਨੂੰ ਇੰਡੀਗੋ ਕੰਪਨੀ ਦੇ ਖਿਲਾਫ ਇੱਕ ਬਾਕਾਇਦਾ ਮੁਕੱਦਮਾ ਵੀ ਦਰਜ ਕਰਨ ਲਈ ਕਿਹਾ ਹੈ।

# ਬਜ਼ੁਰਗ ਮਾਪਿਆਂ ਨੇ ਨੂੰਹ-ਪੁੱਤ ਉੱਤੇ ਆਪਣੀ ਤਰ੍ਹਾਂ ਦਾ ਕੇਸ ਕੀਤਾ

ਹਰਿਦੁਆਰ, 10 ਮਈ (ਪੋਸਟ ਬਿਊਰੋ)- ਏਥੇ ਇੱਕ ਅਜੀਬੋ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਪੋਤੇ-ਪੋਤੀਆਂ ਦਾ ਸੁੱਖ ਨਾ ਦੇਣ ਉੱਤੇ ਬਜ਼ੁਰਗ ਮਾਤਾ-ਪਿਤਾ ਆਪਣੇ ਪੁੱਤਰ ਅਤੇ ਨੂੰਹ ਵਿੱਚ ਅਦਾਲਤ ਵਿੱਚ ਗਏ ਹਨ।



ਦਾਇਰ ਕੀਤੇ ਕੇਸ ਵਿੱਚ ਮਾਪਿਆਂ ਨੇ ਪੁੱਤਰ ਦੇ ਪਾਲਣ-ਪੋਸ਼ਣ ਅਤੇ ਸਿੱਖਿਆ ਵਿੱਚ ਖ਼ਰਚੇ ਲੱਗਭਗ 5 ਕਰੋੜ ਰੁਪਏ ਵਾਪਸ ਦੇਣ ਦੀ ਮੰਗ ਕੀਤੀ ਹੈ। ਬਜ਼ੁਰਗ ਜੋੜੇ ਦੇ ਵਕੀਲ ਨੇ ਦੱਸਿਆ ਕਿ ਸੰਜੀਵ ਰੰਜਕ ਪ੍ਰਸਾਦ ਭਾਰਤ ਸਰਕਾਰ ਦੇ ਹੈਵੀ ਇਲੈਕਟਰਿਕ ਅਦਾਰੇ (ਭੇਲ) ਦੇ ਅਧਿਕਾਰੀ ਕੰਮ ਕਰਦਾ ਸੀ। ਜੋੜੇ ਨੇ ਸਾਲ 2016 ਵਿੱਚ ਆਪਣੇ ਇਕਲੌਤੇ ਪੁੱਤਰ ਸ਼੍ਰੇਅ ਸਾਗਰ ਦਾ ਵਿਆਹ ਨੋਇਡਾ ਦੀ ਸੁਭਾਂਗੀ ਸਿਨਹਾ ਨਾਲ ਕੀਤਾ ਸੀ। ਸ਼੍ਰੇਅਸਾਗਰ ਪਾਇਲਟ ਹੈ ਅਤੇ ਉਸ ਦੀ ਪਤਨੀ ਸੁਭਾਂਗੀ ਨੋਇਡਾ ਵਿੱਚ ਕੰਮ ਕਰਦੀ ਹੈ। ਬਜ਼ੁਰਗ ਜੋੜੇ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਕਿਹਾ ਕਿ ਵਿਆਹ ਦੇ ਛੇ ਸਾਲ ਬੀਤਣ ਉੱਤੇ ਵੀ ਉਨ੍ਹਾਂ ਦਾ ਲੜਕਾ ਤੇ ਨੂੰਹ ਬੱਚੇ ਪੈਦਾ ਨਹੀਂ ਕਰ ਰਹੇ, ਜਿਸ ਕਾਰਨ ਉਨ੍ਹਾਂ ਨੂੰ ਮਾਨਸਿਕ ਪ੍ਰੇਸ਼ਾਨੀਤੋਂ ਲੰਘਣਾ ਪੈ ਰਿਹਾ ਹੈ। ਭਾਵੇਂ ਮਾਤਾ-ਪਿਤਾ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਸਾਰੀ ਜਮ੍ਹਾਂ ਰਾਸੀ ਲਾ ਦਿੰਦੇ ਹਨ ਪਰ ਹਰਿਦੁ-ਆਰ ਦੇ ਇਸ ਜੋੜੇ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਪਾਲਣਾ ਵਿੱਚ ਖ਼ਰਚੇ ਕਰੀਬ 5 ਕਰੋੜ ਰੁਪਏ ਨੂੰਹ ਅਤੇ ਬੇਟੇ ਤੋਂ ਵਾਪਸ ਦਿਵਾਏ ਜਾਣ। ਉਨ੍ਹਾਂ ਦਾ ਕਹਿਣਾ ਹੈ ਕਿ ਪੁੱਤਰ ਨੂੰ ਇੰਨਾ ਕਾਬਲ ਬਣਾਉਣ ਦੇ ਬਾਵਜੂਦ ਜੇ ਉਨ੍ਹਾਂਨੂੰ ਬੁਢਾਪੇ ਵਿੱਚ ਇਕੱਲੇ ਰਹਿਣਾ ਪਵੇ ਤਾਂ ਇਹ ਜੁਲਮ ਹੈ। ਬਜ਼ੁਰਗ ਜੋੜੇ ਦੀ ਬੇਨਤੀ ਉੱਤੇ ਅਦਾਲਤ ਵਿੱਚਕੇਸ ਦਰਜ ਕਰ ਲਿਆ ਗਿਆ ਅਤੇ ਅਗਲੀ ਸੁਣਵਾਈ ਲਈ 17 ਮਈ ਦੀ ਤਰੀਕ ਤੈਅ ਕੀਤੀ ਗਈ ਹੈ।

# ਹਾਈ ਕੋਰਟ ਦੀ ਹੁਕਮ ਅਦੂਲੀ ਦਾ ਮਾਮਲਾ: ਆਈ ਏ ਐਸ ਅਫਸਰ ਕੋਰਟ ਦਾ ਹੁਕਮ ਨਾ ਮੰਨਣ ਤਾਂ ਫਿਰ ਨਤੀਜਾ ਭੁਗਤਣਾ ਪਵੇਗਾ: ਕੋਰਟ

ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਨੋਇਡਾ ਸ਼ਹਿਰ ਦੇ ਸੀ ਈ ਓ ਅਤੇ ਆਈ ਏ ਐਸ ਰਿਤੂ ਮਹੇਸ਼ਵਰੀ ਦੇ ਖਿਲਾਫ ਇਲਾਹਾਬਾਦ ਹਾਈ ਕੋਰਟ ਵੱਲੋਂ ਗੈਰ-ਜ਼ਮਾਨਤੀ ਵਾਰੰਟ ਦੇਣ ਦਾ ਮੁੱਦਾ ਸੁਪਰੀਮ ਕੋਰਟ ਪਹੁੰਚ ਗਿਆ ਹੈ। ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਵਾਲੀ ਬੈਂਚ ਨੇ ਕੱਲ੍ਹ ਸੁਣਵਾਈ ਦੌਰਾਨ ਯੂ ਪੀ ਸਰਕਾਰ ਅਤੇ ਨੋਇਡਾ ਦੇ ਸੀ ਈ ਓ ਨੂੰ ਸਖਤ ਫਿਟਕਾਰ ਲਾਈ ਤੇ ਰਿਤੂ ਮਹੇਸ਼ਵਰੀ ਨੂੰ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ। ਕੋਰਟ ਦੇ ਹੁਕਮ ਦੀ ਉਲੰਘਣਾ ਦੇ ਕੇਸ ਵਿੱਚ ਇਲਾਹਾਬਾਦ ਹਾਈ ਕੋਰਟ ਸਾਹਮਣੇ ਪੇਸ਼ ਨਾ ਹੋਣਕਾਰਨ ਮਹੇਸ਼ਵਰੀ ਦੇ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਹੈ। ਚੀਫ ਜਸਟਿਸ ਨੇ ਪੁੱਛਿਆ, "ਇਹ ਗੈਰ ਜ਼ਮਾਨਤੀ ਵਾਰੰਟ ਕਿਉਂ ਜਾਰੀ ਕੀਤਾ ਗਿਆ?" ਮਹੇਸ਼ਵਰੀ ਦੇ ਵਕੀਲ ਨੇ ਕਿਹਾ, ਉਲੰਘਣਾ ਦੇ ਮਾਮਲੇ ਵਿੱਚ ਪੇਸ਼ ਨਾ ਹੋਣ ਕਰਨ। ਇਸ ਉੱਤੇ ਚੀਫ ਜਸਟਿਸ ਨੇ ਫਿਟਕਾਰ ਲਾਉਂਦੇ ਹੋਏ ਕਿਹਾ ਕਿ ਤੁਸੀਂ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਕਰੋਗੇ ਤਾਂ ਨਤੀਜਾ ਭੁਗਤਣਾ ਹੋਵੇਗਾ।" ਚੀਫ ਜਸਟਿਸ ਨੇ ਨਾਰਾਜ਼ਗੀ ਨਾਲ ਕਿਹਾ ਕਿ "ਅਸੀਂ ਰੋਜ਼ ਏਦਾਂ ਦੇ ਕੇਸ ਦੇਖ ਰਹੇ ਹਾਂ। ਯੂ ਪੀ ਦੇ ਅਧਿਕਾਰੀਆਂ ਦੀ ਰੁਟੀਨ ਬਣਦੀ ਜਾਂਦੀ ਹੈ। ਰੋਜ਼ ਕੋਈ ਨਾ ਕੋਈ ਅਧਿਕਾਰੀ ਇੱਥੇ ਆ ਜਾਂਦਾ ਅਤੇ ਹਾਈ ਕੋਰਟ ਦੇ ਹੁਕਮਾਂ ਦੇ ਖਿਲਾਫ ਰਾਹਤ ਮੰਗਦਾ ਹੈ। ਇਹ ਕੀ ਹੈ? ਤੁਸੀਂ ਕੋਰਟ ਦੇ ਹੁਕਮਾਂ ਦਾ ਪਾਲਣਾ ਨਹੀਂ ਕਰਦੇ, ਅਸੀਂ ਕੋਈ ਅੰਤ੍ਰਿਮ ਰਾਹਤ ਨਹੀਂ ਦੇਵਾਂਗੇ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

# ਸ਼ਹੀਦ ਭਗਤ ਸਿੰਘ ਦੇ ਵਿਵਾਦਤ ਬੁੱਤ ਬਾਰੇ ਲੱਖਾਂ ਦੀ ਅਦਾਇਗੀ

ਜਲੰਧਰ, 10 ਮਈ (ਪੋਸਟ ਬਿਊਰੋ)- ਸ਼ਹੀਦ ਭਗਤ ਸਿੰਘ ਚੌਕ ਵਿੱਚ ਸ਼ਹੀਦ ਇ ਆਜ਼ਮ ਦੇ ਜਿਸ ਬੁੱਤ ਬਾਰੇ ਭਾਜਪਾ ਆਗੂ ਮਨੋਰੰਜਨ ਕਾਲੀਆ ਸਮੇਤ ਕਈ ਲੋਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਸ਼ਹੀਦ ਦਾ ਬੁੱਤ ਉਸ ਦੀਆਂ ਤਸਵੀਰਾਂ ਨਾਲ ਮੇਲ ਨਹੀਂ ਖਾਂਦਾ ਅਤੇ ਨਿਗਮ ਪ੍ਰਸ਼ਾਸਨ ਨੇ ਕਾਫੀ ਸਮੇਂ ਤਕ ਠੇਕੇਦਾਰ ਦੀ ਅਦਾਇਗੀ ਰੋਕੀ ਰੱਖੀ ਸੀ। ਨਿਗਮ ਪ੍ਰਸ਼ਾਸਨ ਨੇ ਇਸ ਬੁੱਤ ਨੂੰ ਸਹੀ ਕਰਾਰ ਦਿੰਦੇ ਹੋਏ ਠੇਕੇਦਾਰ ਨੂੰ ਲੱਖਾਂ ਰੁਪਏ ਦੀ ਅਦਾਇਗੀ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਸ਼ਹੀਦ ਅਤੇ ਬੁੱਤ ਵਿੱਚ ਖੱਬਾ ਹੱਥ ਉਪਰ ਉਠਿਆ ਹੋਇਆ ਹੈ ਅਤੇ ਇਸ ਦੀ ਤਸਵੀਰ ਵੀ ਅਸਲ ਨਾਲ ਨਹੀਂ ਮਿਲਦੀ ਹੈ। ਕਾਫੀ ਦਿਨ ਰੇੜਕਾ ਚੱਲਦਾ ਰਿਹਾ ਸੀ। ਮਾਮਲੇ ਉੱਤੇ ਹੰਗਾਮਾ ਹੋਣ ਪਿੱਛੋਂ ਸਾਬਕਾ ਮੰਤਰੀ ਅਵਤਾਰ ਹੈਨਰੀ ਨੇ ਰੋਸ ਜ਼ਾਹਿਰ ਕੀਤਾ ਸੀ। ਦੱਸਿਆ ਜਾਂਦਾ ਹੈ ਕਿ ਨਿਗਮ ਪ੍ਰਸ਼ਾਸਨ ਵੱਲੋਂ ਸ਼ਹੀਦ ਭਗਤ ਸਿੰਘ ਦੀਆਂ ਕਈ ਜਗ੍ਹਾ ਤੋਂ ਤਸਵੀਰਾਂ ਮੰਗਵਾਈਆਂ ਸਨ ਤਾਂ ਜੋ ਬੁੱਤ ਨੂੰ ਸਹੀ ਠਹਿਰਾਇਆ ਜਾ ਸਕੇ। ਬੁੱਤ ਨੂੰ ਠੀਕ ਕੀਤੇ ਬਿਨਾਂ ਹੀ ਅਦਾਇਗੀ ਕਰ ਦਿੱਤੇ ਜਾਣ ਤੋਂ ਕਈ ਲੋਕਾਂ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ।



### ਤਾਜ ਮਹਿਲ ਬਾਰੇ ਹਾਈ ਕੋਰਟ ਵਿੱਚ ਪਟੀਸ਼ਨ:

# ਭਾਜਪਾ ਆਗੂ ਨੇ ਕਈ ਸਾਲਾਂ ਤੋਂ ਬੰਦ 20 ਕਮਰੇ ਖੁੱਲ੍ਹਵਾ ਕੇ ਜਾਂਚ ਦੀ ਮੰਗ ਕੀਤੀ

ਆਗਰਾ, 9 ਮਈ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਭਾਰਤੀ ਪੁਰਾਤੱਤਵ ਸਰਵੇਖਣ (ਏ ਐਸ ਆਈ) ਨੂੰ ਆਗਰਾ ਵਿੱਚ ਤਾਜ ਮਹਿਲ ਵਿਚਲੇ 20 ਕਮਰੇ ਖੋਲ੍ਹਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ, ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਇੱਥੇ ਹਿੰਦੂ ਮੂਰਤੀਆਂ ਤੇ ਸ਼ਿਲਾਲੇਖ ਹਨ ਜਾਂ ਨਹੀਂ। ਇਹ ਅਰਜ਼ੀ ਭਾਜਪਾ ਦੇ ਅਯੋਧਿਆ ਜ਼ਿਲ੍ਹਾ ਮੀਡੀਆ ਇੰਚਾਰਜ ਨੇਦਾਇਰ ਕੀਤੀ ਹੈ।

ਤਾਜ ਮਹਿਲ ਨੂੰ ਤੇਜੋ ਮਹਾਲਿਆ ਦੱਸ ਕੇ ਪਟੀਸ਼ਨ ਵਿੱਚ ਸਰਕਾਰ ਨੂੰ ਤੱਥ ਖੋਜ ਕਮੇਟੀ ਬਣਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਤਾਜ ਮਹਿਲ ਕੰਪਲੈਕਸ ਦਾ ਸਰਵੇਖਣ ਕਰਾਉਣਾ ਜ਼ਰੂਰੀ ਹੈ, ਤਾਂ ਜੋ ਸ਼ਿਵ ਮੰਦਰ ਤੇ ਤਾਜ ਮਹਿਲ ਦੀ ਹੋਂਦ ਦੀ ਹਕੀਕਤ ਦਾ ਪਤਾ ਲਾਇਆ ਜਾ ਸਕੇ। ਕਮੇਟੀ ਨੂੰ ਇਨ੍ਹਾਂ ਕਮਰਿਆਂ ਦੀ ਜਾਂਚ ਕਰਨੀ ਚਾਹੀਦੀ ਹੈ, ਤਾਂ ਜੋ ਸਥਿਤੀ ਸਪੱਸ਼ਟ ਹੋ ਸਕੇ ਕਿ ਇੱਥੇ ਹਿੰਦੂ ਮੂਰਤੀਆਂ ਜਾਂ ਗ੍ਰੰਥਾਂ ਨਾਲ ਸਬੰਧਤ ਸਬੂਤ ਹਨ ਜਾਂ ਨਹੀਂ। ਪਟੀਸ਼ਨ ਵਿੱਚ ਕੁਝ ਇਤਿਹਾਸਕਾਰਾਂ ਦੇ ਹਵਾਲਾ ਨਾਲ ਕਿਹਾ ਗਿਆ ਹੈ ਕਿ ਤਾਜ ਮਹਿਲ ਦੀ ਚਾਰ ਮੰਜਿਲਾ ਇਮਾਰਤ ਦੇ ਉਪਰਲੇ ਅਤੇ ਹੇਠਲੇ ਹਿੱਸੇ ਵਿੱਚ 20 ਕਮਰੇ ਪੱਕੇ ਤੌਰ ਉੱਤੇ ਬੰਦ ਹਨ। ਕਈ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਕਮਰਿਆਂ ਵਿੱਚ ਸ਼ਿਵ ਦਾ ਮੰਦਰ ਹੈ, ਭਾਵੇਂ ਇਹ ਕਮਰੇ ਪਹਿਲਾਂ ਕਦੇ ਖੁੱਲ੍ਹੇ ਹਨ ਜਾਂ ਨਹੀਂ।

ਪਟੀਸ਼ਨ ਵਿੱਚ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵ ਸਥਾਨਾਂ ਤੇ ਖੰਡਰਾਂ (ਰਾਸ਼ਟਰੀ ਮਹੱਤਵ ਦਾ ਐਲਾਨਨਾਮਾ) ਐਕਟ 1951 ਅਤੇ ਪ੍ਰਾਚੀਨ ਸਮਾਰਕ ਅਤੇ ਪੁਰਾਤੱਤਵ ਸਥਾਨਾਂ ਤੇ ਖੰਡਰਾਂ ਬਾਰੇ ਐਕਟ 1958 ਦੇ ਕੁਝ ਪ੍ਰਬੰਧਾਂ ਨੂੰ ਪਾਸੇ ਰੱਖਣ ਦੀ ਮੰਗ ਕੀਤੀ ਗਈ ਹੈ, ਜਿਸ ਦੇ ਤਹਿਤ ਤਾਜ ਮਹਿਲ, ਫਤਿਹਪੁਰ ਸੀਕਰੀ, ਆਗਰੇ ਦਾ ਕਿਲ੍ਹਾ, ਇਤਿਮਾਦ-ਉਦ-ਦੌਲਾ ਦੇ ਮਕਬਰੇ ਨੂੰ ਇਤਿਹਾਸਕ ਸਮਾਰਕ ਐਲਾਨਿਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 461 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਬੈਂਕ ਚੁੱਕੇ ਹੋ? ਆਪਣਾ ਕਰਜਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਦੋਸਤ ਤੇ ਵਿਰੋਧੀ ਵਿੱਚ ਅੰਤਰ ਸਮਝੀਏ

-ਇਕਬਾਲ ਸਿੰਘ ਲਾਲਪੁਰਾ

'ਮਾਹ ਦਿਵਸ ਮੂਰਤ ਭਲੇ' ਦੇ ਹੁਕਮ ਨਾਲ ਦਿਨ ਵਾਰ ਮਨਾਉਣ ਨਾਲੋਂ ਗੁਰੂ ਦੇ ਮਾਰਗ ਉੱਤੇ ਚੱਲ ਕੇ ਅਕਾਲ ਪੁਰਖ ਦੀ ਉਸਤਤੀ ਕਰਨ ਤੇ ਉਸ ਅੱਗੇ ਹੀ ਅਰਦਾਸ ਕਰਨ ਦਾ ਸਹੀ ਮਾਰਗ ਗੁਰੂ ਨਾਨਕ ਦੇਵ ਦੇ ਸਿੱਖਾਂ ਲਈ ਅੰਕਿਤ ਹੈ। ਸ਼ਾਇਦ ਇਸੇ ਕਾਰਨ ਹੀ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ 1569 ਜਾਂ 1669 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 100 ਜਾਂ 200 ਸਾਲਾ ਪ੍ਰਕਾਸ਼ ਦਿਹਾੜੇ ਮਨਾਉਣ ਦਾ ਇਤਿਹਾਸ, ਮਰਿਆਦਾ ਅਤੇ ਸਿੱਖ ਫਲਸਫਾ ਖਾਮੋਸ਼ ਹੈ। ਪੰਜਾਹ ਸਾਲਾ ਖਾਲਸਾ ਰਾਜ ਦਾ ਇਤਿਹਾਸ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਿਸੇ ਸਿੱਖ ਗੁਰੂ ਸਾਹਿਬ ਦੀ ਸ਼ਤਾਬਦੀ ਮਨਾਉਣ ਦੀ ਗਵਾਹੀ ਨਹੀਂ ਭਰਦਾ।ਲੰਬਾ ਸਮਾਂ ਸਿੱਖ ਕੌਮ ਨੂੰ ਸੰਘਰਸ਼ ਵਿੱਚੋਂ ਲੰਘਣਾ ਪਿਆ ਸੀ, ਜਿਸ ਕਰ ਕੇ ਸ਼ਤਾਬਦੀਆਂ ਮਨਾਉਣ ਲਈ ਢੁਕਵਾਂ ਸਮਾਂ ਨਹੀਂ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖ ਕੌਮ ਦਾ 'ਸੁਨਹਿਰਾ ਕਾਲ' ਮੰਨਿਆ ਜਾਂਦਾ ਹੈ, ਓਦੋਂ ਇਹ ਸਮਾਗਮ ਸੰਭਵ ਸਨ।

ਅੰਗਰੇਜ਼ ਰਾਜ ਸਮੇਂ ਸ਼ਾਇਦ ਇਹ ਪਿਰਤ ਸ਼ੁਰੂ ਹੋਈ ਸੀ, ਜਿਸ ਬਾਰੇ ਫੌਜੀ ਵਰਦੀ ਵਿੱਚ ਗੋਰੇ ਫੌਜੀ ਅਤੇ ਪੁਲਸ ਅਫਸਰ ਸ੍ਰੀ ਦਰਬਾਰ ਸਾਹਿਬ ਅੰਦਰ ਘੁੰਮਦਿਆਂ ਦੀ ਵੀਡੀਓ ਵੀ ਵੇਖੀ ਜਾਂਦੀ ਹੈ।ਦੀਵਾਲੀ ਤੇ ਵਿਸਾਖੀ ਦੇ ਮੌਕੇ ਪੰਥਕ ਆਗੂਆਂ ਵੱਲੋਂ 18ਵੀਂ ਸਦੀ ਤੋਂ ਕੌਮੀ ਸਮੱਸਿਆਵਾਂ ਦੇ ਨਿਵਾਰਨ ਲਈ ਸਿਰ ਜੋੜ ਕੇ ਬੈਠਕ ਤੇ ਦੇਸ਼ ਕੌਮ ਦੀ ਅਗਵਾਈ ਕਰਨ ਵਾਲੇ ਸੁਨਹਿਰੀ ਫੈਸਲਿਆਂ ਨਾਲ ਇਤਿਹਾਸ ਭਰਿਆ ਪਿਆ ਹੈ। ਮਿਸਲਾਂ ਦੇ ਆਪਸੀ ਟਕਰਾਅ ਦੇ ਬਾਵਜੂਦ ਕੌਮੀ ਮਸਲਿਆਂ ਬਾਰੇ ਏਕੇ, ਸ੍ਰੀ ਦਰਬਾਰ ਸਾਹਿਬ ਅੰਦਰ ਤੇ ਪੰਥਕ ਸਰਬੱਤ ਖਾਲਸਾ ਇੱਕ-ਦੂਜੇ ਦੇ ਸਤਿਕਾਰ ਕਰਨ ਦੀਆਂ ਬਹੁਤ ਸਾਰੀਆਂ ਪਵਿੱਤਰ ਮਿਸਾਲਾਂ ਹਨ, ਜਿਸ ਨਾਲ ਭੌਤਿਕ ਲਾਲਚ ਤੋਂ ਉੱਪਰ ਉਠ ਕੇ ਕੌਮੀ ਆਗੂ ਨਿਮਾਣੇ ਸਿੱਖ ਵਜੋਂ ਇੱਕ ਦੂਜੇ ਦਾ ਮਾਣ ਸਤਿਕਾਰ ਕਰਦੇ ਸਨ।ਕਿਸੇ ਇੱਕ ਦੀ ਗਲਤੀ ਜੇ ਨਾ ਸੁਧਾਰੀਏ ਤਾਂ ਸਾਰੀ ਕੌਮ ਦੀ ਦਿਸ਼ਾ ਬਦਲ ਦਿੰਦੀ ਹੈ। ਪੰਥ ਦੇ ਮਹਾਨ ਵਿਦਵਾਨ ਭਾਈ ਵੀਰ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਰਾਇ ਮੰਗਣ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਲਾਹ ਦਿੱਤੀ ਸੀ ਕਿ ਗੁਰੂ ਸਾਹਿਬਾਨ ਦੇ ਚਿੱਤਰ ਕਿਉਂਕਿ ਕਲਪਿਤ ਹਨ, ਇਸ ਲਈ ਇਨ੍ਹਾਂ ਨੂੰ ਮਾਨਤਾ ਨਾ ਦਿੱਤੀ ਜਾਵੇ, ਕਿਉਂਕਿ ਸਿੱਖ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਦਾ ਹਰ ਸ਼ਬਦ ਹੈ, ਇਸੇ ਦਾ ਪ੍ਰਚਾਰ ਹੋਣਾ ਚਾਹੀਦਾ ਹੈ। ਚਿੱਤਰ ਨਾਲ ਜੁੜ ਕੇ ਸਿੱਖ ਮੂਰਤੀ ਪੂਜਾ ਵੱਲ ਵਧੇਗਾ ਤੇ ਗਿਆਨ ਗੁਰੂ, ਬਾਣੀ ਤੋਂ ਟੁੱਟ ਜਾਵੇਗਾ।ਇਹ ਮਨੋਕਲਪਿਤ ਚਿੱਤਰ ਅੱਜ ਧਰਮ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਅਤੇ ਸਿੱਖ ਗੁਰਧਾਮਾਂ ਦੇ ਪ੍ਰਬੰਧਕ ਵਰਤਦੇ ਹਨ। ਸੰਨ 1969 ਈਸਵੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ 500 ਸਾਲਾ ਜਨਮ ਸ਼ਤਾਬਦੀ ਪਹਿਲੀ ਵਾਰੀ ਬੜੀ ਧੂਮਧਾਮ ਨਾਲ ਮਨਾਈ ਗਈ ਸੀ। ਸਾਰੀਆਂ ਰਾਜਨੀਤਕ ਪਾਰਟੀਆਂ ਤੇ ਦੇਸ਼ ਦੇ ਤਤਕਾਲੀ ਰਾਸ਼ਟਰਪਤੀ ਵੀ ਵੀ ਗਿਰੀ ਨੇ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਅਤੇ ਹੋਰ ਆਗੂਆਂ ਨਾਲ ਸਾਂਝ ਕੀਤੀ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੀ ਇਸੇ ਸਮਾਗਮ ਦੀ ਪ੍ਰਾਪਤੀ ਹੈ।

ਫਿਰ ਸ਼ਤਾਬਦੀਆਂ ਅਤੇ ਧਾਰਮਿਕ ਪ੍ਰੋਗਰਾਮ ਕਰਨ ਦੀ ਹੋੜ ਲੱਗ ਗਈ। ਗਿਆਨੀ ਜ਼ੈਲ ਸਿੰਘ ਤਤਕਾਲੀ ਮੁੱਖ ਮੰਤਰੀ ਪੰਜਾਬ ਨੇ 10 ਅਪ੍ਰੈਲ 1973 ਵਿੱਚ ਗੁਰੂ ਗੋਬਿੰਦ ਸਿੰਘ ਮਾਰਗ ਆਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਉਦਘਾਟਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ 91 ਗੁਰਦੁਆਰਾ ਸਾਹਿਬਾਨ ਨੂੰ ਜੋੜਿਆ ਗਿਆ।ਅਲੌਕਿਕ ਕੀਰਤਨ ਦਰਬਾਰ ਆਯੋਜਤ ਕੀਤੇ ਗਏ ਅਤੇ ਥਾਂ-ਥਾਂ ਨਗਰ ਕੀਰਤਨ ਸਜਾਏ ਗਏ। ਹਰ ਨਾਨਕ ਨਾਮਲੇਵਾ ਨੇ ਸਿਆਸੀ ਸਮੀਕਰਨਾਂ ਤੋਂ ਉਪਰ ਉਠ ਕੇ ਇਨ੍ਹਾਂ ਵਿੱਚ ਸ਼ਿਰਕਤ ਕੀਤੀ। ਅਕਾਲੀ ਆਗੂ ਵੀ ਨਾਲ ਲੱਗ ਕੇ ਪ੍ਰਸ਼ਾਦ ਵੰਡਦੇ ਰਹੇ, ਪਰ ਅੱਜ ਤੱਕ ਇਸ ਰੂਟ ਉੱਤੇ ਬੱਸ ਨਹੀਂ ਚੱਲੀ। ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ 1999 ਵਿੱਚ ਮਨਾਇਆ ਗਿਆ। ਕੇਂਦਰ ਸਰਕਾਰ ਨੇ ਖੂਬ ਪੈਸਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚਾਰ ਸੌ ਸਾਲਾ ਸੰਪੂਰਨਤਾ ਦਿਵਸ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਾਰ ਸੌ ਸਾਲਾ ਸ਼ਹੀਦੀ ਦਿਵਸ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਤਿੰਨ ਸੌ ਸਾਲਾ ਖਾਲਸਾ ਰਾਜ ਸਥਾਪਨਾ ਦਿਵਸ ਆਦਿ-ਆਦਿ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ 550ਵੀਂ ਅਰਧ ਸ਼ਤਾਬਦੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵੀਂ ਜਨਮ ਅਰਧ ਸ਼ਤਾਬਦੀਆਂ ਵੀ ਮਨਾਈਆਂ ਗਈਆਂ।

21ਅਪ੍ਰੈਲ 2022 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਾਰ ਸੌ ਸਾਲਾ ਜਨਮ ਸ਼ਤਾਬਦੀ ਦਿੱਲੀ ਦੇ ਲਾਲ ਕਿਲ੍ਹੇ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2019 ਵਿੱਚ ਸਿੱਖ ਕੌਮ ਦੇ ਮਸੀਹਾ ਵਜੋਂ ਕੌਮੀ ਸੇਵਾ ਐਵਾਰਡ ਨਾਲ ਸਨਮਾਨਤ ਕੀਤਾ ਹੋਇਆ ਸੀ, ਵੱਲੋਂ ਪੂਰੀ ਸ਼ਾਨੋ ਸ਼ੌਕਤ ਤੇ ਗੁਰ ਮਰਿਆਦਾ ਅਨੁਸਾਰ ਮਨਾਈ ਗਈ। ਦੇਸ਼ ਦੇ ਸਾਰੇ ਸਕੂਲਾਂ ਵਿੱਚ 18 ਲੱਖ ਬੱਚਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਉੱਤੇ ਲੇਖ ਲਿਖੇ। ਮੁੰਬਈ ਰਾਜ ਭਵਨ ਸਮੇਤ ਬਹੁਤ ਸਾਰੇ ਰਾਜਾਂ ਦੇ ਗਵਰਨਰ ਤੇ ਮੁੱਖ ਮੰਤਰੀ ਸਾਹਿਬਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜਨਮ ਸ਼ਤਾਬਦੀ, ਪਾਠ, ਕੀਰਤਨ ਤੇ ਗਿਆਨ ਚਰਚਾ ਕਰ ਕੇ ਮਨਾਈ, 400 ਰੁਪਏ ਦਾ ਸਿੱਕਾ ਤੇ ਡਾਕ ਟਿਕਟ ਵੀ ਜਾਰੀ ਹੋਈ ਅਤੇ ਸੱਤਰ ਪ੍ਰਮੁੱਖ ਸਿੱਖ ਧਾਰਮਿਕ, ਰਜਨੀਤਕ, ਲੇਖਕ ਤੇ ਸਮਾਜਕ ਸ਼ਖਸੀਅਤਾਂ ਉੱਤੇ ਆਧਾਰਤ ਇੱਕ ਕਮੇਟੀ ਬਣਾਈ ਗਈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਵਿੱਚ ਬਹੁਤ ਸਾਰਿਆਂ ਨੇ ਕੋਈ ਯੋਗਦਾਨ ਨਹੀਂ ਪਾਇਆ ਬਲਕਿ ਸਮਾਗਮਾਂ ਵਿੱਚ ਸ਼ਾਮਲ ਹੀ ਨਹੀਂ ਹੋਏ।ਪੰਜਾਬ ਸਰਕਾਰ ਨੇ ਪਿਛਲੇ ਸਾਲ ਗੁਰਪੁਰਬ ਸਮਾਗਮ ਮਨਾਉਣਲਈ 937 ਕਰੋੜ ਰੁਪਏ ਦੀ ਮੰਗ ਕੀਤੀ ਸੀ, ਪਰ ਨਾ ਕੋਈ ਸਮਾਗਮ ਕੀਤਾ ਤੇ 1 ਮਈ ਇਸ ਸਮਾਗਮ ਲਈ ਅੰਤਿਮ ਮਿਤੀ ਰੱਖੀ ਸੀ। ਲੱਗਦਾ ਨਹੀਂ ਇਨਕਲਾਬ ਜ਼ਿੰਦਾਬਾਦ ਵਾਲਿਆਂ ਦੇ ਦਿਲ ਵਿੱਚ ਤਿਲਕ-ਜੰਞੂ ਦੇ ਰਾਖੇ ਗੁਰੂ ਲਈ ਪਿਆਰ ਹੈ ਤਾਂ ਨਾ ਗੁਰੂ ਜੀ ਦੇ ਫਲਸਫੇ ਉੱਤੇ ਵਿਸ਼ਵਾਸ ਹੋ ਸਕਦਾ ਹੈ? 1000 ਕਰੋੜ ਰੁਪਏ ਦੇ ਸਾਲਾਨਾ ਬਜਟ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਪਹਿਲੀ ਵਾਰ ਦੇਸ਼ ਦੇ ਕੌਮੀ ਆਗੂਆਂ ਨੂੰ ਨਹੀਂ ਸੱਦਿਆ ਤੇ ਆਪ ਵੀ ਧਾਰਮਿਕ ਆਗੂ, ਸਿੱਖ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਿੱਲੀ ਦੇ ਲਾਲ ਕਿਲ੍ਹੇ ਦੇ ਸਮਾਗਮਾਂ ਵਿੱਚ ਸ਼ਾਮਲ ਨਹੀਂ ਹੋਏ। ਬਹੁਤੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕੇ ਮਹਿਲ ਜਨਮ ਅਸਥਾਨ ਤੇ ਮੰਜੀ ਸਾਹਿਬ ਦੇ ਸਮਾਗਮਾਂ ਤੋਂ ਵੀ ਗੈਰ ਹਾਜ਼ਰ ਰਹੇ, ਦੂਜੀਆਂ ਰਾਜਨੀਤਕ ਪਾਰਟੀਆਂ ਤੇ ਸਰਕਾਰੇ ਦਰਬਾਰੇ ਤੇ ਹੋਰ ਪਾਰਟੀਆਂ ਵਿੱਚ ਬੈਠੇ ਗੁਰੂ ਕੇ ਸਿੱਖਾਂ ਨੂੰ ਤਾਂ ਕੀ ਬੁਲਾਉਣਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਨਾਨਕ ਦੀ ਉਪਮਾ ਤਿਲਕ-ਜੰਞੂ ਦਾ ਰਾਖਾ ਪ੍ਰਤੀ ਅੰਕਿਤ ਕਰ ਕੇ ਕੀਤੀ ਹੈ। ਤਿਲਕ-ਜੰਞੂ ਧਾਰਨ ਕਰਨ ਵਾਲੇ ਹਿੰਦੂ ਸਮਾਜ ਦੇ ਲੋਕ ਅੱਜ ਵੀ ਗੁਰੂ ਜੀ ਦੀ ਉਪਮਾ ਕਰਦੇ ਹਨ, ਪਰ ਆਪਣੇ ਆਪ ਨੂੰ ਗੁਰੂ ਦੇ ਸਿੱਖ ਅਖਵਾਉਣ ਵਾਲੇ ਗੁਰੂ ਤੋਂ ਹੀ ਪਿੱਛੇ ਹੱਟਦੇ ਨਜ਼ਰ ਆਏ।

ਸਭ ਤੋਂ ਵੱਡਾ ਸਮਾਗਮ ਹਰਿਆਣਾ ਸਰਕਾਰ ਨੇ ਪਾਣੀਪਤ ਵਿੱਚ ਕੀਤਾ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਸ਼ਾਮਲ ਹੋਏ। ਜਮਨਾਨਗਰ ਦੇ ਮੈਡੀਕਲ ਕਾਲਜ ਦਾ ਨਾਂਅ ਗੁਰੂ ਜੀ ਦੇ ਨਾਂਅ ਉੱਤੇ ਰੱਖਣ ਦਾ ਫੈਸਲਾ ਕੀਤਾ, ਪਾਣੀਪਤ ਦੇ ਪਾਰਕ ਤੇ ਸੜਕਾਂ ਦੇ ਨਾਂਅ ਵੀ ਗੁਰੂ ਤੇਗ ਬਹਾਦਰ ਜੀ ਦੇ ਨਾਂਅ ਉੱਤੇ ਰੱਖੇ ਗਏ।ਹਰ ਸਮਾਗਮ ਸਮੇਂ ਗੁਰੂ ਫਲਸਫੇ ਤੇ ਇਤਿਹਾਸ ਉੱਤੇ ਆਧਾਰਤ ਪੁਸਤਕਾਂ ਦੀ ਘੁੰਡ ਚੁਕਾਈ ਕੀਤੀ ਗਈ। ਭਾਰਤ ਸਰਕਾਰ ਹਰਿਆਣਾ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਉਤਰਾਖੰਡ ਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਗੁਰੂ ਜੀ ਦੇ ਜਨਮ ਸ਼ਤਾਬਦੀ ਸਮਾਗਮ ਮਨਾ ਚੁੱਕੀਆਂ ਹਨ ਜਾਂ ਅਜੇ ਵੀ ਯਤਨਸ਼ੀਲ ਹਨ, ਪਰ ਪੰਜਾਬ ਵਿੱਚ ਅਜਿਹਾ ਉਪਰਾਲਾ ਰਾਜ ਪੱਧਰ ਉੱਤੇ ਕੇਵਲ ਇੱਕ ਸਿਆਸੀ ਪਾਰਟੀ ਤੋਂ ਇਲਾਵਾ ਕਿਸੇ ਸਿਆਸੀ ਪਾਰਟੀ ਤੇ ਸਮਾਜਕ ਸੰਸਥਾ ਵੱਲੋਂ ਨਜ਼ਰ ਨਹੀਂ ਆਇਆ।

ਗੁਰੂ ਸਾਹਿਬਾਨ ਦਾ ਫਲਸਫਾ ਤੇ ਇਤਿਹਾਸ, ਵਿਸ਼ਵ ਸ਼ਾਂਤੀ, ਧਾਰਮਿਕ ਸਹਿਣਸ਼ੀਲਤਾ ਤੇ ਦੂਜੇ ਧਰਮਾਂ ਤੇ ਧਰਮ ਚਿੰਨ੍ਹਾਂ ਦੇ ਸਤਿਕਾਰ ਦਾ ਚਾਨਣ-ਮੁਨਾਰਾ ਹਨ, ਜਿਸ ਦਾ ਪ੍ਰਚਾਰ-ਪ੍ਰਸਾਰ ਵਿਸ਼ਵ ਪੱਧਰ ਉੱਤੇ ਹੋਣਾ ਚਾਹੀਦਾ ਹੈ ਜਿਸ ਲਈ ਉਪਰਾਲਾ ਕਰਨਾ ਬਣਦਾ ਹੈ।ਵਿਸ਼ਵ ਭਰ ਵਿੱਚ ਵਸਦੇ ਸਿੱਖ ਕਈ ਸਮੱਸਿਆਵਾਂ ਨਾਲ ਦੋ-ਚਾਰ ਹਨ ਅਤੇ ਉਨ੍ਹਾਂ ਲਈ ਜ਼ਿੰਮੇਵਾਰ ਰਾਜਨੀਤਕ ਧਿਰਾਂ ਤੇ ਆਗੂਆਂ ਦੇ ਹੱਥਾਂ ਵਿੱਚ ਅੱਜ ਵੀ ਖੇਡ ਰਹੇ ਹਨ। ਦੋਸਤ ਤੇ ਵਿਰੋਧੀ ਵਿੱਚ ਪਛਾਣ ਕਰਨ ਤੇ ਸਮੱਸਿਆ ਦੇ ਹੱਲ ਲਈ ਗੁਰੂ ਹੁਕਮ ਅਨੁਸਾਰ ਸੰਵਾਦ ਰਚਾਉਣਾ ਲੋੜੀਂਦਾ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ




ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਪੂਰਨ ਸਿੰਘ ਪਾਂਧੀ ਦੀ ਪੁਸਤਕ 'ਜਿਨ੍ਹ ਮਿਲਿਆਂ ਰੂਹ ਰੋਸ਼ਨ ਹੋਵੇ' ਪੜ੍ਹਦਿਆਂ ...

ਬੀਤੇ ਦਿਨੀਂ ਬਰੈਂਪਟਨ ਦੇ ਸੰਜੀਦਾ ਲੇਖਕ ਪੂਰਨ ਸਿੰਘ ਪਾਂਧੀ ਦੀ ਪੁਸਤਕ 'ਜਿਨ੍ਹ ਮਿਲਿਆਂ ਰੂਹ ਰੋਸ਼ਨ ਹੋਵੇ' ਪੜ੍ਹਨ ਦਾ ਸਬੱਬ ਬਣਿਆ। ਪਾਂਧੀ ਸਾਹਿਬ ਦੀ ਕਾਵਿ-ਮਈ ਕਲਾਤਮਿਕ ਵਾਰਤਕ ਦਾ ਅਨੰਦ ਮਾਣਦਿਆਂ ਇਸ ਪੁਸਤਕ ਵਿਚ ਦਰਜ ਨੌਂ ਮਹਾਨ ਸ਼ਖ਼ਸੀਅਤਾਂ ਦੇ 'ਦਰਸ਼ਨ-ਦੀਦਾਰੇ' ਹੋਏ। ਇੰਜ ਲੱਗ ਰਿਹਾ ਸੀ, ਜਿਵੇਂ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੂਨ 1984 ਦੇ ਪਹਿਲੇ ਹਫ਼ਤੇ ਹੋਏ 'ਬਲੂ ਸਟਾਰ ਆਪਰੇਸ਼ਨ' ਤੋਂ ਬਾਦ ਢਹਿ-ਢੇਰੀ ਹੋਏ ਖੰਡਰ-ਰੂਪੀ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਆਪਣਾ ਅਹਿਮ ਬਿਆਨ "ਕੋਠਾ ਸਾਹਿਬ ਠੀਕ ਠਾਕ ਹੈ" ਜਾਰੀ ਕਰ ਰਹੇ ਹੋਣ ਅਤੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇਜ਼-ਕਦਮੀਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਕਰ ਰਹੇ ਹੋਣ। ਸ਼੍ਰੋਮਣੀ ਪੰਥਕ-ਕਥਾਕਾਰ ਸੰਤ ਸਿੰਘ ਮਸਕੀਨ ਜੀ ਆਪਣੇ ਨਿਵੇਕਲੇ ਅੰਦਾਜ਼ ਵਿਚ ਗੁਰਬਾਣੀ ਦੀ ਕਿਸੇ ਤੁਕ ਦੀ ਪ੍ਰਮਾਣਾਂ ਸਹਿਤ ਵਿਆਖਿਆ ਕਰ ਰਹੇ ਹੋਣ। ਕਲਾਸੀਕਲ ਸੰਗੀਤ ਨਾਲ ਲਬਰੇਜ਼ ਗੁਰਬਾਣੀ ਕੀਰਤਨ ਦੇ 'ਝਰਨੇ' ਸੰਤ ਸੁਜਾਨ ਸਿੰਘ ਤੇ ਗਿਆਨੀ ਸ਼ੇਰ ਸਿੰਘ ਕਿਸੇ ਅਦੁੱਤੀ ਲੈਅ ਵਿਚ ਆਪ-ਮੁਹਾਰੇ ਝਰ-ਝਰ ਵਹਿ ਰਹੇ ਹੋਣ ਅਤੇ ਰੂਹਾਨੀਅਤ ਵਿਚ ਰੱਤੇ ਹੋਏ ਸੰਤ ਬਾਬਾ ਅਜਮੇਰ ਸਿੰਘ ਉਰਫ਼ 'ਰੱਬ ਜੀ' ਪ੍ਰਤੱਖ ਰੂਪ ਵਿਚ 'ਰੱਬ' (ਪ੍ਰਮਾਤਮਾ) ਨਾਲ ਗੱਲਾਂ ਕਰ ਰਹੇ ਹੋਣ। ਇੰਜ ਹੀ 'ਸੇਵਾ ਦੇ ਪੁੰਜ' ਅਤੇ ਸਾਦਗੀ ਤੇ ਸਿਮਰਨ ਦੇ ਸੋਮੇ ਸੰਤ ਚੰਦਾ ਸਿੰਘ ਕਿਸੇ ਪਿੰਡ ਦੇ ਗੁਰਦੁਆਰੇ, ਧਰਮਸਾਲਾ ਜਾਂ ਕਿਸੇ ਹੋਰ ਸਾਂਝੇ ਸਥਾਨ ਦੀ ਤਾਮੀਰ ਹੋ ਰਹੀ ਇਮਾਰਤ ਵਿਚ ਸਿਰ 'ਤੇ ਸੀਮੈਂਟ-ਬੱਜਰੀ ਦਾ ਬਾਟਾ ਚੁੱਕੀ ਆਪਣਾ ਯੋਗਦਾਨ ਪਾ ਰਹੇ ਹੋਣ ਅਤੇ ਇਸ ਦੇ ਨਾਲ ਹੀ ਇੰਜ ਲੱਗਿਆ ਜਿਵੇਂ ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਆਰੀਆ ਸਮਾਜ ਦੇ ਮੋਢੀ ਸੁਆਮੀ ਦਇਆ ਨੰਦ ਸਰਸਵਤੀ ਨਾਲ ਧਾਰਮਿਕ ਸੰਵਾਦ ਰਚਾਉਂਦੇ ਹੋਏ ਉਨ੍ਹਾਂ ਦੇ ਸੁਆਲਾਂ ਦੇ ਸਾਰਥਿਕ ਦਲੀਲਾਂ ਨਾਲ ਕਰਾਰੇ ਜੁਆਬ ਦੇ ਕੇ ਉਨ੍ਹਾਂ ਨੂੰ ਨਿਰ-ਉੱਤਰ ਕਰ ਰਹੇ ਹੋਣ। ਹੇਅਰ ਫਿਕਸਰ ਲਾ ਕੇ ਬੜੇ




ਸਲੀਕੇ ਨਾਲ ਬੰਨ੍ਹੀ ਹੋਈ ਦਾੜ੍ਹੀ ਤੇ ਕੋਟ-ਪੈਂਟ ਵਾਲੇ ਅਜੋਕੇ 'ਮਾਡਰਨ ਸੰਤ' ਵੀਰ ਭੁਪਿੰਦਰ ਸਿੰਘ ਵੀ ਕਿਸੇ ਗੁਰਦੁਆਰੇ ਵਿਚ ਅੰਗਰੇਜ਼ੀ-ਪੰਜਾਬੀ ਦੀ ਰਲਵੀ ਮਿਲਵੀਂ ਭਾਸ਼ਾ ਵਿਚ ਕਥਾ ਕਰ ਰਹੇ ਹੋਣ।

ਪੁਸਤਕ ਦੇ ਆਰੰਭ ਵਿਚ ਜਦੋਂ ਪੰਜਾਬੀ ਦੇ ਵੱਡੇ ਲੇਖਕ ਵਰਿਆਮ ਸਿੰਘ ਸੰਧੂ ਦਾ ਲਿਖਿਆ ਹੋਇਆ ਵਿਸਥਾਰ ਪੂਰਵਕ ਮੁੱਖ-ਬੰਦ ਪੜ੍ਹਿਆ ਤਾਂ ਇਸ ਦੇ ਲੇਖਾਂ ਵਿਚਲੀਆਂ ਮਹਾਨ ਸ਼ਖ਼ਸੀਅਤਾਂ ਦੇ 'ਅੱਧ-ਪਚੱਧੇ ਦਰਸ਼ਨ' ਤਾਂ ਇਸ ਦੇ ਨਾਲ ਹੀ ਹੋ ਗਏ, ਪਰ ਨਾਲ ਹੀ ਉਨ੍ਹਾਂ ਬਾਰੇ ਹੋਣ ਜਾਣਨ ਦੀ ਤੀਬਰ ਇੱਛਾ ਵੀ ਮਨ ਵਿਚ ਜਾਗੀ ਅਤੇ ਜਿਵੇਂ-ਜਿਵੇਂ ਇਹ ਲੇਖ ਪੜ੍ਹਦਾ ਗਿਆ, ਤਿਵੇਂ-ਤਿਵੇਂ ਇਨ੍ਹਾਂ ਮਹਾਂ-ਪੁਰਖ਼ਾਂ ਵੱਲੋਂ ਧਾਰਮਿਕ ਅਤੇ ਸਮਾਜਿਕ ਖ਼ੇਤਰਾਂ ਵਿਚ ਕੀਤੀ ਗਈ ਘਾਲਣਾ ਬਾਰੇ ਨਵੀਂ ਜਾਣਕਾਰੀ ਉਪਲੱਬਧ ਹੁੰਦੀ ਗਈ। ਪਹਿਲਾਂ ਮਨ 'ਚ ਆਇਆ ਕਿ ਮੈਂ ਇਸ ਪੁਸਤਕ ਬਾਰੇ ਕੁਝ ਨਾ ਹੀ ਲਿਖਾਂ ਤਾਂ ਚੰਗਾ ਹੈ, ਕਿਉਂਕਿ ਜਦੋਂ ਵਰਿਆਮ ਸਿੰਘ ਸੰਧੂ ਵਰਗੇ ਵਿਦਵਾਨ ਨੇ ਇਸ ਪੁਸਤਕ ਬਾਰੇ ਏਨਾ ਵਧੀਆ ਲਿਖਿਆ ਹੈ ਅਤੇ ਹੋਰ ਲਿਖਣ ਦੀ ਗੁੰਜਾਇਸ਼ ਈ ਨਹੀਂ ਛੱਡੀ ਤਾਂ ਮੈਨੂੰ ਇਸ ਦੇ ਬਾਰੇ ਲਿਖਣ ਦੀ ਕੀ ਲੋੜ ਹੈ? ਪਰ ਪੁਸਤਕ ਨੂੰ ਪੜ੍ਹਨ ਤੋਂ ਬਾਦ ਫਿਰ ਇਸ ਸਬੰਧੀ ਆਪਣੇ ਹਾਵ-ਭਾਵ ਪ੍ਰਗਟ ਕਰਨ ਨੂੰ ਜੀਅ ਕਰ ਆਇਆ।

ਪਾਂਧੀ ਸਾਹਿਬ ਨੇ ਪੁਸਤਕ ਦਾ ਟਾਈਟਲ 'ਜਿਨ੍ਹ ਮਿਲਿਆ ਰੂਹ ਰੌਸ਼ਨ ਹੋਵੇ' ਬੜਾ ਸੋਚ ਵਿਚਾਰ ਕੇ ਰੱਖਿਆ ਹੈ, ਕਿਉਂਕਿ ਇਸ ਪੁਸਤਕ ਵਿਚ ਸ਼ਾਮਲ "ਨੌਂ ਰਤਨ" ਸਿੱਖੀ ਦੇ 'ਚਾਨਣ-ਮੁਨਾਰੇ ਹਨ ਅਤੇ ਉਨ੍ਹਾਂ ਨੂੰ ਮਿਲਣ ਤੇ ਉਨ੍ਹਾਂ ਬਾਰੇ ਜਾਣਨ ਨਾਲ ਵਾਕਿਆ ਈ ਰੂਹ ਰੌਸ਼ਨ ਹੁੰਦੀ ਹੈ। ਆਪੋ ਆਪਣੇ ਖ਼ੇਤਰਾਂ ਵਿਚ ਪਾਇਆ ਗਿਆ ਉਨ੍ਹਾਂ ਦਾ ਯੋਗਦਾਨ ਅਣਮੁੱਲਾ ਹੈ। ਜੇਕਰ ਸਿੰਘ ਸਾਹਿਬਾਨ ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਜੋਗਿੰਦਰ ਸਿੰਘ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਮਸਲਿਆਂ ਦੇ ਮਹਾਨ ਗਿਆਤਾ ਹਨ ਤਾਂ ਸੰਤ ਸੁਜਾਨ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਗੁਰਬਾਣੀ ਦੇ ਮਹਾਨ ਕੀਰਤਨੀਏ ਅਤੇ ਵਿਆਖਿਆਕਾਰ ਹੋਏ ਹਨ। ਹਾਰਮੋਨੀਅਮ, ਤਬਲੇ ਅਤੇ ਵੱਖ-ਵੱਖ ਤੰਤੀ-ਸਾਜ਼ਾਂ ਨਾਲ ਕੀਰਤਨ ਕਰਨ ਦੀ ਉਨ੍ਹਾਂ ਦੀ ਸਮਰੱਥਾ ਅਸੀਮ ਹੈ। ਗੁਰਬਾਣੀ ਦੇ ਮਹਾਨ ਵਿਦਵਾਨ ਅਤੇ ਕਥਾਕਾਰ ਵਜੋਂ ਗਿਆਨੀ ਸੰਤ ਸਿੰਘ ਮਸਕੀਨ ਦਾ ਕੋਈ ਸਾਨੀ ਨਹੀਂ ਹੈ। ਰਾਜਿੰਦਰ ਸਿੰਘ ਗੌਹਰ ਵਰਗੇ ਕਈ ਅਜੋਕੇ ਕਥਾਕਾਰ ਉਨ੍ਹਾਂ ਦੇ ਸਟਾਈਲ ਅਤੇ ਸ਼ੈਲੀ ਵਿਚ ਕਥਾ ਕਰਨ ਦੀ 'ਕੋਸ਼ਿਸ਼' (ਨਕਲ) ਕਰਦੇ ਹਨ ਪਰ ਉਹ ਗੱਲ ਕਿਵੇਂ ਬਣ ਸਕਦੀ ਹੈ।

ਏਸੇ ਤਰ੍ਹਾਂ ਸੰਤ ਚੰਦਾ ਸਿੰਘ ਅਤੇ ਸੰਤ ਬਾਬਾ ਅਜਮੇਰ ਸਿੰਘ 'ਰੱਬ ਜੀ' ਵਰਗੀਆਂ 'ਨਿਸ਼ਕਾਮ ਤੇ ਨਿਰ-ਸੁਆਰਥ ਰੂਹਾਂ' ਲੰਮੇਂ-ਲੰਮੇਂ ਚੋਲਿਆਂ ਵਾਲੇ ਅਜੋਕੇ ਪੇਖੀ ਸਾਧਾਂ-ਸੰਤਾਂ ਅੰਦਰ ਕਿੱਥੇ ਲੱਭਦੀਆਂ ਹਨ। ਅੱਜਕੱਲ੍ਹ ਦੇ 'ਕਾਰ-ਸੇਵਾ' ਵਾਲੇ ਬਹੁਤੇ 'ਬਾਬੇ' ਤਾਂ ਦੁਨਿਆਵੀ 'ਮਾਇਆ-ਜਾਲ਼' ਵਿਚ ਪੂਰੀ ਤਰ੍ਹਾਂ ਫਸੇ ਹੋਏ ਹਨ ਅਤੇ ਉਹ ਸੰਗਤਾਂ ਵੱਲੋਂ ਕੀਤੀ ਗਈ ਕਾਰ-ਸੇਵਾ ਵਿੱਚੋਂ ਵੀ 'ਕਮਾਈ' ਭਾਲਦੇ ਹਨ। ਗਿਆਨੀ ਦਿੱਤ ਸਿੰਘ ਵਰਗੇ ਮਿਸ਼ਨਰੀ ਭਾਵਨਾ ਵਾਲੇ ਵਿਦਵਾਨ ਅਤੇ ਪੰਥ-ਦਰਦੀ ਇਸ ਦੁਨੀਆਂ ਵਿਚ ਕਦੇ ਕਦੇ ਹੀ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਸਿੱਖ ਪੰਥ ਵਿਚ ਆਈ ਗਿਰਾਵਟ ਤੇ ਸਮਾਜਿਕ ਨਾ-ਬਰਾਬਰੀ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ ਅਤੇ ਪਵਿੱਤਰ ਹਰਿਮੰਦਰ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਤੋਂ ਛੁਡਵਾਇਆ। ਅਜੋਕੇ ਕਥਾਕਾਰ ਵੀਰ ਭੁਪਿੰਦਰ ਸਿੰਘ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਜਾਣਨ ਵਾਲਿਆਂ ਨੂੰ ਆਪਣੀ ਕਥਾ ਦੇ ਮਾਧਿਅਮ ਰਾਹੀਂ ਸਿੱਖੀ ਨਾਲ ਜੋੜਨ ਦਾ ਮਹਾਨ ਕਾਰਜ ਕਰ ਰਹੇ ਹਨ। ਇਨ੍ਹਾਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਬਾਰੇ ਪਾਂਧੀ ਸਾਹਿਬ ਨੇ ਇਸ ਪੁਸਤਕ ਵਿਚ ਬੜੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ, ਕਿਉਂਕਿ ਇਨ੍ਹਾਂ ਵਿੱਚੋਂ ਇਕ ਗਿਆਨੀ ਦਿੱਤ ਸਿੰਘ ਜੀ (1850-1940 ਈ.) ਨੂੰ ਛੱਡ ਕੇ ਉਹ ਇਨ੍ਹਾਂ ਸਾਰੀਆਂ ਸਮਕਾਲੀ ਸ਼ਖ਼ਸੀਅਤਾਂ ਦੀ ਸੰਗਤ ਨਿੱਜੀ ਤੌਰ 'ਤੇ ਮਾਣ ਚੁੱਕੇ ਹਨ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9218

ਸੰਤ ਚੰਦਾ ਸਿੰਘ ਹੁਰਾਂ ਤੋਂ ਪਾਂਧੀ ਸਾਹਿਬ ਨੇ ਗੁਰਮੁਖੀ ਦਾ 'ਊੜਾ-ਐੜਾ' ਸਿੱਖਿਆ ਤੇ ਗੁਰਮਤਿ ਗਿਆਨ ਪ੍ਰਾਪਤ ਕੀਤਾ ਅਤੇ ਸੰਤ ਸੁਜਾਨ ਸਿੰਘ ਤੇ ਗਿਆਨੀ ਸ਼ੇਰ ਸਿੰਘ ਹੁਰਾਂ ਤੋਂ ਗੁਰਬਾਣੀ ਕੀਰਤਨ ਤੇ ਸੰਗੀਤ ਦੀਆਂ ਬਾਰੀਕੀਆਂ ਦੀ ਸਿੱਖਿਆ ਲਈ। ਸਿੰਘ ਸਾਹਿਬਾਨ ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਜਗਿੰਦਰ ਸਿੰਘ ਵੇਦਾਂਤੀ ਦਮਦਮੀ ਟਕਸਾਲ ਵਿਚ ਗੁਰਮਤਿ ਵਿੱਦਿਆ ਗ੍ਰਹਿਣ ਕਰਨ ਸਮੇਂ ਪਾਂਧੀ ਸਾਹਿਬ ਦੇ ਸਹਿਪਾਠੀ ਰਹੇ ਹਨ।

ਪੂਰਨ ਸਿੰਘ ਪਾਂਧੀ ਜੀ ਦੀ ਲੇਖਣੀ ਦਾ ਆਪਣਾ ਹੀ ਸਟਾਈਲ ਅਤੇ ਮੁਹਾਵਰਾ ਹੈ। ਛੋਟੇ-ਛੋਟੇ ਵਾਕਾਂ ਵਿਚ ਸਮ-ਅਰਥੀ ਅਤੇ ਬਹੁ-ਅਰਥੀ ਸ਼ਬਦ ਮਾਲ਼ਾ ਦੇ ਮਣਕਿਆਂ ਵਾਂਗ ਪਰੋ ਕੇ ਉਹ ਆਪਣੀ ਲਿਖਤ ਨੂੰ ਬੇਹੱਦ ਪ੍ਰਭਾਵਸ਼ਾਲੀ ਬਣਾਉਂਦੇ ਹਨ। ਪੁਸਤਕ ਵਿਚ ਥਾਂ ਪਰ ਥਾਂ ਅਜਿਹੇ ਬੇਅੰਤ ਵਿਵਰਣ ਮਿਲਦੇ ਹਨ। ਇਸ ਛੋਟੇ ਜਿਹੇ ਲੇਖ ਵਿਚ ਇਕ-ਦੋ ਉਦਾਹਰਣਾਂ ਪੇਸ਼ ਕਰਕੇ ਇਸ ਦੇ ਬਾਰੇ ਦੱਸਣ ਦੀ ਕੋਸ਼ਿਸ਼ ਕਰਾਂਗਾ।

'ਸੇਵਾ ਦੇ ਪੁੰਜ' ਸੰਤ ਚੰਦਾ ਸਿੰਘ ਬਾਰੇ ਬ੍ਰਿਤਾਂਤ ਵਿਚ ਕਤਰੀ ਦਾੜ੍ਹੀ ਵਾਲਾ ਜੈਮਲਪੱਤੀ ਦਾ ਬਿਹਾਰਾ ਸਿੰਘ ਖਰੀ ਤੇ ਖਰ੍ਹਵੀ ਗੱਲ ਕਰਨ ਵਾਲਾ ਮੂੰਹ-ਫੱਟ ਬੰਦਾ ਸੀ, ਸਾਰਿਆਂ ਤੋਂ ਅੱਗੇ ਹੋ ਕੇ ਕਹਿਣ ਲੱਗਾ:

"ਠਹਿਰੋ ਬਈ ਸੰਗਤੇ ਟੱਕ ਫੇਰ ਲਾਇਓ, ਪਹਿਲਾਂ ਮੇਰੀ ਗੱਲ ਸੁਣੋ। ਟੱਕ ਉਹ ਲਾਵੇ ਜਿਸ ਨੇ ਆਪ ਮੜਾਸਾ ਮਾਰਨੈ, ਟੋਕਰੀ ਆਪ ਚੁੱਕਣੀ ਹੈ ਤੇ ਸਾਰੇ ਕੰਮ ਦਾ ਭਾਰ ਆਪ ਆਪਣੇ ਸਿਰ 'ਤੇ ਚੁੱਕਣਾ ਹੈ। ਮੇਰੀ ਸਮਝ ਵਿਚ ਤਾਂ ਇੱਕੋ ਸੂਰਮਾ ਹੈ, ਇਹ ਸਾਰਾ ਭਾਰ ਚੁੱਕਣ ਵਾਲਾ ਹੈ, ਚੰਦਾ ਸਿਉਂ। ਮੇਰੀ ਮੰਨੋ ਤਾਂ ਇਹ ਕਬੀਲਦਾਰੀ ਇਸੇ ਦੇ ਮੜਾਸੇ 'ਤੇ ਸੁੱਟ ਦਿਓ ਤੇ ਟੱਕ ਇਸੇ ਨੂੰ ਲਾਉਣ ਦਿਓ।"

ਇਕ ਹੋਰ ਨਮੂੰਨਾ ਹਾਜ਼ਰ ਹੈ:

"ਗੁਰਦੁਆਰੇ ਦੇ ਐਨ ਮੂਹਰੇ ਇਕ ਛੱਪੜੀ ਸੀ; ਬੜੀ ਵਿਰਾਨ, ਮੁਸ਼ਕ ਮਾਰਦਾ ਗੰਦਾ ਪਾਣੀ, ਭੈੜਾ ਦ੍ਰਿਸ਼। ਦੋ-ਢਾਈ ਕਨਾਲ ਲੰਮੀ ਚੌੜੀ ਤੇ ਚਾਰ ਪੰਜ ਫੁੱਟ ਡੂੰਘੀ। ਮਿੱਟੀ ਨਾਲ ਇਹ ਭਰਨ ਦੀ ਵਿਉਂਤ ਬਣਾਈ। ਕੰਮ ਔਖਾ ਪਰ ਲੋਕ-ਸ਼ਕਤੀ ਅੱਗੇ ਕੀ ਔਖ ਤੇ ਕੀ ਸੌਖ? ਲੋਕ-ਸ਼ਕਤੀ ਪਰਬਤਾਂ ਨੂੰ ਮੱਥਾ ਲਾਉਣ ਤੋਂ ਗੁਰੇਜ਼ ਨਹੀਂ ਕਰਦੀ। ਨਾਲੇ ਸੰਤ ਇੰਦਰ ਸਿੰਘ ਦੀ ਪ੍ਰੇਰਨਾ। ਇਨ੍ਹਾਂ ਦੀ ਆਖੀ ਗੱਲ ਸਾਰਾ ਨਗਰ ਹੱਥ ਜੋੜ ਕੇ ਮੰਨਣ ਵਾਲਾ। ਸਾਰਾ ਨਗਰ 'ਕੱਠਾ, ਜੋੜ ਲਏ ਗੱਡੇ, ਰੱਖ ਲਈਆਂ ਮੋਢਿਆਂ 'ਤੇ ਕਹੀਆਂ। ਪਿੰਡ ਤੋਂ ਕੋਈ ਮੀਲ ਭਰ ਦੈੜਾਂ ਸਨ, ਰੇਤ ਦੇ ਟਿੱਬੇ। ਲਾ ਲਿਆ ਟਿੱਬਿਆਂ ਨੂੰ ਮੱਥਾ। ਕਹੀਆਂ-ਕੜਾਹੀਆਂ, ਟੋਕਰੀਆਂ ਨਾਲ ਭਰ ਭਰ ਗੱਡੇ ਆਉਣ ਲੱਗੇ। ਦਿਨ ਕੁਝ ਵੀ ਨਾ ਲੱਗੇ, ਛੱਪੜੀ ਕੁੱਖਾਂ ਤੱਕ ਭਰ ਗਈ। ਛੱਪੜੀ ਦਾ ਨਾਂ-ਨਿਸ਼ਾਨ ਮੁੱਕ ਗਿਆ। ਖੁਸ਼ੀ ਦੇ ਰਣਸਿੰਗੇ ਵੱਜੇ, ਜੈਕਾਰਿਆਂ ਨਾਲ ਨਗਰ ਗੂੰਜ ਉੱਠਿਆ।"

ਇਹ ਤਾਂ ਦਾਲ਼ ਵਿੱਚੋਂ ਦਾਣਾ ਟੋਹਣ ਵਾਂਗ ਹੀ ਹੈ। ਪੂਰੀ ਜ਼ਾਇਕੇਦਾਰ ਦਾਲ਼ ਦਾ ਨਜ਼ਾਰਾ ਤਾਂ ਇਹ ਪੁਸਤਕ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ। ਮਹਾਂਪੁਰਸ਼ਾਂ ਬਾਰੇ ਇਸ ਪੁਸਤਕ ਨੂੰ ਪਾਠਕਾਂ ਸਨਮੁੱਖ ਕਰਨ ਲਈ ਮੈਂ ਪੂਰਨ ਸਿੰਘ ਪਾਂਧੀ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ।

## ਪਹਿਲਾ ਘੱਲੂਘਾਰਾ



*ਮੁਗਲ ਹਕੂਮਤ ਨੇ ਸੌਂਹ ਖਾਧੀ, ਸਿੱਖਾਂ ਨੂੰ ਮਾਰ ਮੁਕਾਣਾ,*
*ਸਿੱਖ ਬੱਚਾ ਕੋਈ ਰਹਿਣ ਨਹੀਂ ਦੇਣਾ ਉਸ ਨੂੰ ਬੰਨੇ ਲਾਣਾ।*
*ਥਾਂ-ਥਾਂ ਤੋਂ ਸਿੱਖ ਹੁੰਦੇ ਹੋਏ, ਐਮਨਾਬਾਦ ਸੀ ਪੁੱਜੇ,*
*ਰੋੜੀ ਸਾਹਿਬ ਗੁਰਦੁਆਰੇ, ਦਰਸ਼ਨ ਕਰਨ ਲਈ ਰੁੱਝੇ।*

*ਜਸਪਤ ਰਾਏ ਫ਼ੌਜਦਾਰ ਨੇ ਸਿੱਖਾਂ ਨੂੰ ਹੁਕਮ ਸੁਣਾਇਆ,*
*ਏਥੋਂ ਹੁਣੇ ਹੀ ਚਾਲੇ ਪਾਓ, ਨਹੀਂ ਤਾਂ ਕਰੂੰ ਸਫਾਇਆ।*
*ਹੰਕਾਰੇ ਹੋਏ ਜਸਪਤ ਰਾਏ ਨੇ, ਫ਼ੌਜ ਦੁਆਲੇ ਕੀਤੀ,*
*ਸਿੱਖਾਂ ਨੂੰ ਇਹ ਕਾਰਾ ਤੱਕ ਕੇ, ਆਈ ਬੜੀ ਕਚੀਚੀ।*

*ਨਿਬਾਹੂ ਸਿੰਘ ਸੀ ਜ਼ੋਰ ਮਾਰ ਕੇ, ਹਾਥੀ ਉੱਤੇ ਚੜ੍ਹਿਆ,*
*ਸਿਰ ਵੱਢ ਕੇ ਜਸਪਤ ਰਾਏ ਦਾ ਹਿਸਾਬ ਪੂਰਾ ਕਰਿਆ।*
*ਲੱਖਪਤ ਰਾਏ ਭਰਾ ਉਸ ਦਾ, ਯਹੀਆ ਖਾਂ ਦਾ ਦੀਵਾਨ,*
*ਖ਼ਬਰ ਸੁਣੀ ਜਾਂ ਮੌਤ ਦੀ ਉਸ, ਰਹੀ ਨਾ ਜਾਨ 'ਚ ਜਾਨ।*

*ਪੱਗ ਆਪਣੀ ਵਗਾਹ ਕੇ ਉਸ ਨੇ, ਪੈਰਾਂ ਦੇ ਵਿੱਚ ਮਾਰੀ,*
*ਸਿੱਖਾਂ ਨੂੰ ਮਿਟਾਉਣ ਦੀ ਕੀਤੀ, ਉਸ ਨੇ ਖੂਬ ਤਿਆਰੀ।*
*ਲਾਹੌਰ ਦੇ ਸਿੱਖ ਸਾਰੇ ਉਸ ਨੇ, ਇੱਕ ਥਾਂ ਇਕੱਠੇ ਕੀਤੇ,*
*ਮੱਸਿਆ ਵਾਲੇ ਦਿਨ ਉਸ ਨੇ, ਸਾਰੇ ਸ਼ਹੀਦ ਸੀ ਕੀਤੇ।*

*ਸਰੂਪ ਗੁਰੂ ਗ੍ਰੰਥ ਸਾਹਿਬ ਦਾ ਖੂਹ ਵਿੱਚ ਸੁਟਵਾ ਦਿੱਤਾ,*
*ਅੰਮ੍ਰਿਤਸਰ ਸਰੋਵਰ ਨੂੰ ਸੀ, ਮਲਬਾ ਪਾ ਭਰਵਾ ਦਿੱਤਾ।*
*ਯਹੀਆ ਖਾਂ ਤੇ ਲੱਖਪਤ ਰਾਏ ਨੇ, ਫੌਜ ਲੈ ਲਈ ਭਾਰੀ,*
*ਸਿੱਖਾਂ ਨੂੰ ਉਹ ਮਾਰਨ ਤੁਰ ਪਏ ਕਰਕੇ ਪੂਰੀ ਤਿਆਰੀ।*

*ਪੰਦਰਾਂ ਕੁ ਹਜ਼ਾਰ ਸਿੱਖ ਜੋ ਸਨ, ਕਾਹਨੂੰ ਛੰਬ ਪਧਾਰੇ,*
*ਮੁਗਲ ਫ਼ੌਜਾਂ ਵੀ ਮਗਰੇ ਆਈਆਂ, ਜੰਗਲ ਟੱਪ ਕੇ ਸਾਰੇ।*
*ਅੱਧੀ ਰਾਤ ਸਿੱਖਾਂ ਹਮਲਾ ਕੀਤਾ, ਕਰਕੇ ਖੂਬ ਤਿਆਰੀ,*
*ਮੁਗਲ ਫੌਜ ਸੀ ਮਾਰੀ ਕਾਫ਼ੀ ਜੋ ਨਾਲ ਲਿਆਇਆ ਭਾਰੀ।*

*ਸੱਤ ਕੁ ਹਜਾਰ ਸਿੱਖ ਹੈ ਸਨ, ਮੌਤ ਦੀ ਬਲੀ ਚੜ੍ਹਾਏ,*
*ਤਿੰਨ ਹਜ਼ਾਰ ਕੈਦੀ ਬਣਾ ਕੇ, ਸ਼ਹਿਰ ਲਾਹੌਰ ਲਿਆਏ।*
*ਤਸੀਹੇ ਬੜੇ ਹੀ ਦਿੱਤੇ ਉਸ ਨੇ, ਸਿੰਘਾਂ ਸੀ ਨਾ ਕੀਤੀ,*
*ਆਪਣੇ ਧਰਮ ਦੀ ਖਾਤਰ ਉਨ੍ਹਾਂ, ਹੱਸ ਕੇ ਸ਼ਹੀਦੀ ਦਿੱਤੀ।*

*ਪ੍ਰਿੰ ਗਿਆਨ ਸਿੰਘ ਘਈ, 6476247733*







Queenswood College B H & T
Convocation 2019-2020, 2020-2021

ਕੁਈਨਜ਼ਵੁੱਡ ਕਾਲਜ BH&T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਤਨ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।

QUEENSWOOD COLLEGE
BUSINESS · HEALTH · TECHNOLOGY

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿੱਚ ਇੱਕ ਜਾਣੀ ਪਹਿਚਾਣੀ ਸਖ਼ਸ਼ਿਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਊਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿੱਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ । ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸੁਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ -

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1

## ਮਾਮੂਲੀ ਝਗੜੇ ਦੌਰਾਨ ਗੁਆਂਢਣਾਂ ਨੇ ਇੱਟਾਂ ਮਾਰ ਕੇ ਬੰਦਾ ਮਾਰਿਆ



ਜਲੰਧਰ, 10 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬਸਤੀ ਸ਼ੇਖ ਵਿੱਚ ਗੁਆਂਢੀਆਂ ਦੇ ਮਾਮੂਲੀ ਵਿਵਾਦ ਤੋਂ ਬਾਅਦ ਉਸ ਵੇਲੇ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦ ਕੁਝ ਔਰਤਾਂ ਨੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਇੱਕ ਇੱਟ ਉਸ ਵਿਅਕਤੀ ਦੇ ਲੱਗੀ ਜੋ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਕੁਝ ਔਰਤਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਬਸਤੀ ਸ਼ੇਖ ਵਿੱਚ ਕੇਬਲ ਦਾ ਕੰਮ ਕਰਦੇ ਅਸ਼ਵਨੀ ਦੇ ਪਰਵਾਰਦਾ ਗੁਆਂਢੀਔਰਤਾਂ ਨਾਲ ਕਿਸੇ ਗੱਲ ਦਾ ਵਿਵਾਦ ਸੀ। ਇਸਦੌਰਾਨ ਗਾਲ੍ਹਾਂ ਤਕ ਗੱਲ ਪਹੁੰਚ ਗਈ ਅਤੇ ਫਿਰ ਹੱਥੋਪਾਈ ਹੋ ਗਈ। ਫਿਰ ਕੁਝ ਔਰਤਾਂ ਨੇ ਗੁਆਂਢੀਆਂ ਉੱਤੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇੱਕ ਇੱਟ ਅਸ਼ਵਨੀ ਦੇ ਸਿਰ ਉੱਤੇ ਜਾ ਲੱਗੀ, ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ 15 ਸਾਲਾਂ ਤੋਂ ਜ਼ਮੀਨੀ ਵਿਵਾਦ ਚੱਲ ਰਿਹਾ ਸੀ। ਅਸ਼ਵਨੀ ਦੀ ਪਤਨੀ ਦਾ ਗੁਆਂਢੀ ਤਿੰਨ ਔਰਤਾਂ ਨਾਲ ਵਿਵਾਦ ਹੋ ਗਿਆ ਸੀ। ਉਨ੍ਹਾਂ ਔਰਤਾਂ ਨੇ ਗਾਲ੍ਹਾਂ ਕੱਢਣੀਆਂ ਅਤੇ ਮਾਰ-ਕੁਟਾਈ ਸ਼ੁਰੂ ਕਰ ਦਿੱਤੀ।

## ਘੁਟਾਲਾ ਲੁਕਾਉਣ ਲਈ ਗੋਦਾਮ ਵਿੱਚ ਅੱਗ ਲਾਈ

ਫਰੀਦਕੋਟ, 10 ਮਈ (ਪੋਸਟ ਬਿਊਰੋ)- ਇੱਥੇ ਫਿਰੋਜ਼ਪੁਰ ਰੋਡ ਉੱਤੇ ਵੇਅਰ ਹਾਊਸ ਦੇ ਗੋਦਾਮ ਵਿੱਚ ਦੋ ਦਿਨ ਪਹਿਲਾਂ ਰਾਤ ਸਮੇਂ ਲੱਗੀ ਅੱਗ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਸੀ ਅਤੇ ਇਹ ਕਰੋੜਾਂ ਰੁਪਏ ਦਾ ਘੁਟਾਲਾ ਲੁਕਾਉਣ ਲਈ ਲਾਈ ਗਈ ਸੀ। ਵੇਅਰ ਹਾਊਸ ਦੀ ਡੀ ਐਮ ਦੀ ਲਿਖਤੀ ਸ਼ਿਕਾਇਤ ਮਿਲਣ ਮਗਰੋਂ ਸਿਟੀ ਪੁਲਸ ਫਰੀਦਕੋਟ ਨੇ ਵੇਅਰ ਹਾਊਸ ਦੇ ਇੰਸਪੈਕਟਰ ਰਣਜੀਤ ਸਿੰਘ, ਸੁਰੱਖਿਆ ਇੰਚਾਰਜ ਰਣਜੀਤ ਸਿੰਘ, ਸੁਰੱਖਿਆ ਇੰਚਾਰਜ ਅਮਰਜੀਤ ਸਿੰਘ, ਸੰਜੇ ਕੁਮਾਰ ਅਤੇ ਤਾਹਿਰ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਵਰਨਣ ਯੋਗ ਹੈ ਕਿ ਬੀਤੀ 6 ਮਈ ਦੀ ਰਾਤ ਨੂੰ ਵੇਅਰ ਹਾਊਸ ਦੇ ਗੋਦਾਮ ਵਿੱਚ ਅੱਗ ਲੱਗ ਗਈ ਸੀ, ਜਿੱਥੇ 63 ਹਜ਼ਾਰ ਬੋਰੀ ਕਣਕ ਤੇ 83 ਮੀਟ੍ਰਿਕ ਟਨ ਚੌਲ ਪਿਆ ਸੀ। ਉਸ ਵੇਲੇ ਇੰਸਪੈਕਟਰ ਰਣਜੀਤ ਸਿੰਘ ਨੇ ਦਾਅਵਾ ਕੀਤਾ ਸੀ ਕਿ ਇਹ ਅੱਗ ਸ਼ਾਰਟ ਸਰਕਟ ਨਾਲ ਲੱਗੀ ਹੈ। ਅੱਗ ਲੱਗਣ ਤੋਂ ਕੁਝ ਘੰਟੇ ਬਾਅਦ ਵਿਭਾਗ ਦੀ ਵਿਜੀਲੈਂਸ ਟੀਮ ਨੇ ਮੌਕੇ ਦਾ ਦੌਰਾ ਕੀਤਾ ਤੇ ਵੇਅਰ ਹਾਊਸ ਦੀ ਉਚ ਪੱਧਰੀ ਟੀਮ ਨੇ ਵੀ ਇਸ ਦੀ ਜਾਂਚ ਲਈ ਕਮੇਟੀ ਬਣਾਈ ਸੀ। ਜ਼ਿਲਾ ਮੈਨੇਜਰ ਨੇ ਆਪਣੇ ਪੱਤਰ ਵਿੱਚ ਸਪੱਸ਼ਟ ਕੀਤਾ ਹੈ ਕਿ ਵੇਅਰ ਹਾਊਸ ਦੇ ਗੁਦਾਮ ਵਿੱਚ 23 ਹਜ਼ਾਰ ਗੱਟੇ ਕਣਕ ਦੇ ਗਾਇਬ ਹਨ ਤੇ ਇਹ ਤੱਥ ਲੁਕਾਉਣ ਲਈ ਸਾਜ਼ਿਸ਼ ਤਹਿਤ ਗੋਦਾਮ ਵਿੱਚ ਪਏ ਅਨਾਜ ਨੂੰ ਅੱਗ ਲਾਈ ਗਈ ਸੀ।

## ਰਾਮੂਵਾਲੀਆ ਨੇ ਦੱਸਿਆ: ਸੁਖਬੀਰ ਬਾਦਲ ਨੇ ਜੱਥੇਦਾਰ ਨੂੰ ਨਲਵੀ ਤੇ ਝੀਂਡਾ ਨੂੰ ਛੇਕਣ ਦੇ ਹੁਕਮ ਦਿਤੇ ਸਨ

ਕੋਟਕਪੂਰਾ, 10 ਮਈ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦਾ ਕਹਿਣਾ ਹੈ ਕਿ ਜੇ ਬਾਦਲਾਂ ਦਾ ਸਾਰਾ ਪਰਵਾਰ ਅਗਲੇ 15 ਸਾਲ ਅਕਾਲੀ ਦਲ ਤੋਂ ਲਾਂਭੇ ਹੋ ਕੇ ਪਾਠ-ਪੂਜਾ ਦੇ ਰਾਹ ਤੁਰ ਪਏ ਤਾਂ ਅਕਾਲੀ ਦਲ ਬਚ ਸਕਦਾ ਹੈ। ਉਨ੍ਹਾਂਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੀ ਉਚੀ ਪਦਵੀ ਉੱਤੇ ਬੈਠ ਕੇ ਬਾਦਲਾਂ ਦੇ ਹੱਕ ਵਿੱਚ ਬਿਆਨਬਾਜ਼ੀ ਕਰਨ ਵਾਲੀ ਹਰਕਤ ਸੋਭਾ ਨਹੀਂ ਦਿੰਦੀ।

ਇਸ ਮੌਕੇ ਰਾਮੂਵਾਲੀਆ ਨੇ ਦੱਸਿਆ ਕਿ ਜਦੋਂ ਉਹ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਸੀ ਤਾਂ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਬੜੀ ਮਾੜੀ ਭਾਸ਼ਾ, ਅਸੱਭਿਅਕ ਅਤੇ ਸਖ਼ਤ ਸ਼ਬਦਾਵਲੀ ਵਿੱਚ ਆਖਿਆ ਸੀ ਕਿ ਹਰਿਆਣੇ ਦੇ ਦੋ ਸਿੱਖ ਆਗੂਆਂ ਦੀਦਾਰ ਸਿੰਘ ਨਲਵੀ ਅਤੇ ਜਗਦੀਸ਼ ਸਿੰਘ ਝੀਂਡਾ ਨੂੰ ਸਿੱਖੀ ਵਿੱਚੋਂ ਛੇਕਣ ਵਾਲਾ ਹੁਕਮਨਾਮਾ ਜਾਰੀ ਕਰ ਦਿਉ। ਜਥੇਦਾਰ ਨੇ ਆਖਿਆ ਕਿ ਦੂਜੇ ਤਖ਼ਤਾਂ ਦੇ ਜਥੇਦਾਰਾਂ ਦੇ ਦਸਖ਼ਤਾਂ ਬਿਨਾਂ ਇਹ ਸੰਭਵ ਨਹੀਂ ਤਾਂ ਅਨੇਕਾਂ ਅਕਾਲੀ ਆਗੂਆਂ ਦੀ ਹਾਜ਼ਰੀ ਵਿੱਚ ਸੁਖਬੀਰ ਨੇ ਆਖਿਆ, ''ਜਾਰੀ ਕਰੋ, ਦੂਜੇ ਜਥੇਦਾਰਾਂ



ਦੇ ਦਸਖ਼ਤ ਫਿਰ ਹੋ ਜਾਣਗੇ, ਜਲਦੀ ਨਾਲ ਨਲਵੀ ਅਤੇ ਝੀਂਡਾ ਨੂੰ ਪੰਥ ਤੋਂ ਛੇਕਣ ਦੇ ਹੁਕਮਨਾਮੇ ਬਾਰੇ ਅਖ਼ਬਾਰਾਂ ਨੂੰ ਖ਼ਬਰ ਭੇਜ ਦਿਉ।''

ਰਾਮੂਵਾਲੀਆ ਦੇ ਦੱਸਣ ਮੁਤਾਬਕ ਜਦੋਂ ਉਸ ਨੇ ਸੁਖਬੀਰ ਸਿੰਘ ਬਾਦਲ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਨਲਵੀ ਅਤੇ ਝੀਂਡਾ ਦੇ ਵਡੇਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ, ਪੀੜ੍ਹੀ ਦਰ ਪੀੜ੍ਹੀ ਸਾਰਾ ਪਰਵਾਰ ਸਿੱਖੀ ਨਾਲ ਜੁੜਿਆ ਹੋਇਆ ਹੈ, ਉਨ੍ਹਾਂ ਨੂੰ ਸਿੱਖੀ ਵਿੱਚੋਂ ਖ਼ਾਰਜ ਨਾ ਕਰੋ ਤਾਂ ਸੁਖਬੀਰ ਨੇ ਆਖਿਆ, ''ਰਾਮੂਵਾਲੀਆ, ਤੂੰ ਚੁੱਪ ਕਰ ਜਾ।'' ਮੈਂ ਚੁੱਪ ਕਰ ਗਿਆ ਤੇ ਹੋਰ ਕਿਸੇ ਅਕਾਲੀ ਆਗੂ ਨੇ ਕੁਸਕਣ ਦੀ ਜੁਰਅੱਤ ਨਾ ਕੀਤੀ।

ਇਹੀ ਨਹੀਂ, ਰਾਮੂਵਾਲੀਆ ਨੇ ਕਿਹਾ ਕਿ ਇਤਿਹਾਸ ਵਿੱਚ ਕਿਸੇ ਪੋਪ ਵੱਲੋਂ ਸਿਆਸੀ ਪਾਰਟੀਆਂ ਦੇ ਪੱਖ ਵਿੱਚ ਬਿਆਨ ਜਾਰੀ ਕਰਨ ਦੀ ਇੱਕ ਵੀ ਮਿਸਾਲ ਪੜ੍ਹਨ ਜਾਂ ਸੁਣਨ ਨੂੰ ਨਹੀਂ ਮਿਲਦੀ, ਮੱਕੇ-ਮਦੀਨੇ ਵਾਲੇ ਰਹਿਬਰ ਆਲਮ ਨੇ ਏਦਾਂ ਦਾ ਕਦੇ ਕੋਈ ਹੁਕਮ ਨਹੀਂ ਸੁਣਾਇਆ, ਪਰ ਬਾਦਲਾਂ ਨੇ ਤਖ਼ਤਾਂ ਦੇ ਜਥੇਦਾਰਾਂ ਦੀ ਕਦਰ ਐਨੀ ਘਟਾ ਕੇ ਦਿੱਤੀ ਹੈ ਕਿ ਤਾਸ਼ ਦੇ ਪੱਤੇ ਤਾਂ 52 ਹਨ, ਪਰ ਇਨ੍ਹਾਂ ਜਥੇਦਾਰਾਂ ਦੇ ਹੁਕਮਨਾਮੇ 552 ਮੰਨੇ ਜਾ ਸਕਦੇ ਹਨ।

ਰਾਮੂਵਾਲੀਆ ਨੇ ਪ੍ਰਗਟਾਵਾ ਕੀਤਾ ਕਿ ਚੌਟਾਲਾ ਪਰਵਾਰ ਵੱਲੋਂ ਲਾਏ ਗਏ ਐਡਵੋਕੇਟ ਜਨਰਲ ਰਾਹੀਂ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਵਰਗਿਆਂ ਦੀਆਂ ਜ਼ਮਾਨਤਾਂ ਹੋਈਆਂ, ਬਾਦਲਾਂ ਨੇ ਸੰਗਤ ਨੂੰ ਗੁਮਰਾਹ ਕੀਤਾ, ਇਨ੍ਹਾਂ ਦੇ ਭਾਈਵਾਲ ਚੁੱਪ ਰਹੇ, ਪੰਥ ਨਾਲ ਗ਼ਦਾਰੀਆਂ ਦਾ ਜਵਾਬ ਬਾਦਲਾਂ ਨੂੰ ਸੰਗਤ ਦੀ ਕਚਹਿਰੀ ਵਿੱਚ ਦੇਣਾ ਪਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 22,000 ਏਕੜ ਜ਼ਮੀਨ ਵਿੱਚੋਂ 12 ਤੋਂ 18 ਹਜ਼ਾਰ ਏਕੜ ਜ਼ਮੀਨ ਬਾਦਲਾਂ ਨੇ ਆਪਣੇ ਰਿਸ਼ਤੇਦਾਰਾਂ ਅਤੇ ਚਹੇਤਿਆਂ ਨੂੰ 99 ਸਾਲਾ ਪਟੇ ਉੱਤੇ ਦਿੱਤੀ ਹੋਈ ਹੈ। ਪੰਜਾਬ ਪੁਲਸ ਵਿੱਚ 800 ਮੁੰਡੇ ਗ਼ੈਰ ਪੰਜਾਬੀ ਦੂਜੇ ਰਾਜਾਂ ਤੋਂ ਭਰਤੀ ਕੀਤੇ, ਪਰ ਕੈਪਟਨ, ਚੰਨੀ ਆਦਿ ਚੁੱਪ ਰਹੇ।

## ਬੱਸ ਡਰਾਈਵਰ ਦੇ ਪਰਵਾਰ ਨੂੰ ਪੰਜਾਹ ਲੱਖ ਰੁਪਏ ਮੁਆਵਜ਼ਾ ਦਿਵਾ ਕੇ ਮਾਨ ਨੇ ਵਾਅਦਾ ਨਿਭਾਇਆ




ਚੰਡੀਗੜ੍ਹ, 10 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦਾ ਵਾਅਦਾ ਪੂਰਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿੱਤ ਵਿਭਾਗ ਨੂੰ ਕੋਰੋਨਾ ਕਾਰਨ ਮਾਰੇ ਗਏ ਪੀ ਆਰ ਟੀ ਸੀ ਦੇ ਡਰਾਈਵਰ ਮਨਜੀਤ ਸਿੰਘ ਦੇ ਪਰਵਾਰ ਨੂੰ ਪੰਜਾਹ ਲੱਖ ਰੁਪਏ ਦਾ ਮੁਆਵਜ਼ਾ ਜਾਰੀ ਕਰਨ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਪਿਛਲੀ ਕਾਂਗਰਸ ਸਰਕਾਰ ਨੇ 26 ਅਪ੍ਰੈਲ 2020 ਨੂੰ ਦਿਲ ਦਾ ਦੌਰਾ ਪੈਣ ਕਾਰਨ ਮਨਜੀਤ ਸਿੰਘ ਦੀ ਮੌਤ ਹੋਣ ਉੱਤੇ ਪੀੜਤ ਪਰਵਾਰ ਨੂੰ 10 ਲੱਖ ਰੁਪਏ ਦਿੱਤੇ ਸਨ, ਜਦੋਂ ਕਿ ਕੋਵਿਡ-19 ਮਹਾਮਾਰੀ ਮੌਕੇ ਕੌਮੀ ਤਾਲਾਬੰਦੀ ਦੌਰਾਨ ਨਾਂਦੇੜ ਸਾਹਿਬ (ਸ੍ਰੀ ਹਜ਼ੂਰ ਸਾਹਿਬ) ਵਿੱਚ ਫਸੇ ਸਿੱਖ ਸ਼ਰਧਾਲੂਆਂ ਨੂੰ ਉਥੋਂ ਪੰਜਾਬ ਲਿਆਉਣ ਲਈ ਉਸ ਦੀ ਵਿਸ਼ੇਸ਼ ਡਿਊਟੀ ਲਾਈ ਗਈ ਸੀ। ਇਸ ਬਾਰੇ ਆਮ ਆਦਮੀ ਪਾਰਟੀ ਦੇ ਪੰਜਾਬ ਵਿੰਗ ਨੇ ਡਰਾਈਵਰ ਮਨਜੀਤ ਸਿੰਘ ਦੇ ਪਰਵਾਰ ਲਈ ਪੰਜਾਹ ਲੱਖ ਰੁਪਏ ਮੁਆਵਜ਼ੇ ਦੀ ਮੰਗ ਲਈ ਸੂਬਾ ਪੱਧਰੀ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ ਤੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਬਡਬਰ ਦੇ ਵਾਸੀ 38 ਸਾਲਾ ਡਰਾਈਵਰ ਦੇ ਪਰਵਾਰ ਲਈ ਪੰਜਾਹ ਲੱਖ ਦੀ ਮੰਗ ਕੀਤੀ ਸੀ। ਮੀਡੀਆ ਵਿੱਚ ਖਬਰਾਂ ਆਉਣ ਪਿੱਛੋਂ ਪੰਜਾਬ ਸਰਕਾਰ ਹਰਕਤ ਵਿੱਚ ਆਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਹ ਲੱਖ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

## ਸ਼੍ਰੋਮਣੀ ਕਮੇਟੀ ਇੱਕ ਮਹੀਨੇ ਬਾਅਦ ਵੀ ਕੀਰਤਨ ਪ੍ਰਸਾਰਨ ਦੇ ਪ੍ਰਬੰਧ ਕਰਨ ਵਿੱਚ ਨਾਕਾਮ

*** ਹਫ਼ਤੇ ਵਿੱਚ ਵੈਬ ਚੈਨਲ ਰਾਹੀਂ ਪ੍ਰਸਾਰਨ ਦਾ ਭਰੋਸਾ ਦਿਤਾ ਸੀ**

ਚੰਡੀਗੜ੍ਹ, 10 ਮਈ (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 8 ਅਪ੍ਰੈਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਹਰਮੰਦਰ ਸਾਹਿਬ ਤੋਂ ਇੱਕ ਮਹੀਨੇ ਦੇ ਅੰਦਰਗੁਰਬਾਣੀ ਪ੍ਰਸਾਰਨ ਦੇ ਪ੍ਰਬੰਧ ਕਰਨ ਦੇਆਦੇਸ਼ ਦਿਤੇ ਸਨ ਅਤੇ ਫਿਰ ਸ਼੍ਰੋਮਣੀ ਕਮੇਟੀ ਨੇ ਇੱਕ ਹਫ਼ਤੇ 'ਚ ਵੈਬ ਚੈਨਲ ਰਾਹੀਂ ਇਹ ਪ੍ਰਸਾਰਨ ਸ਼ੁਰੂ ਕਰਨ ਅਤੇ ਇਸ ਮੰਤਵ ਲਈ ਕੈਮਰੇ ਆਦਿ ਖ਼ਰੀਦਣ ਦਾ ਐਲਾਨ ਕੀਤਾ ਸੀ। ਇਸ ਨੂੰ ਇੱਕ ਮਹੀਨਾ ਲੰਘ ਜਾਣ 'ਤੇ ਵੀ ਪ੍ਰਸਾਰਨ ਸ਼ੁਰੂ ਕਿਉਂ ਨਹੀਂ ਹੋ ਸਕਿਆ, ਇਹ ਪੰਥਕ ਹਲਕਿਆਂ ਚਰਚਾ ਦਾ ਵਿਸ਼ਾ ਹੈ।

ਸੰਬੰਧਤ ਵਿਸ਼ੇ ਦੇ ਮਾਹਰਾਂ ਦਾ ਕਹਿਣਾ ਹੈ ਕਿ ਵੈਬ ਚੈਨਲ ਰਾਹੀਂ ਪ੍ਰਸਾਰਨ ਕਰਨ ਨੂੰ ਬਹੁਤਾ ਸਮਾਂ ਨਹੀਂ ਲੱਗਦਾ ਅਤੇ ਇਹ ਹਫ਼ਤੇ ਵਿੱਚ ਚਾਲੂ ਕੀਤਾ ਜਾ ਸਕਦਾ ਸੀ ਕਿਉਂਕਿ ਇਸ ਲਈ ਸੈਟੇਲਾਈਟ ਲਿੰਕ ਦੀ ਲੋੜ ਨਹੀਂ ਹੁੰਦੀ ਅਤੇ ਇਸ ਨੂੰ ਯੂ-ਟਿਊਬ ਅਤੇ



ਫੇਸਬੁੱਕ ਦੀ ਮਦਦ ਨਾਲ ਚਾਲੂ ਕੀਤਾ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਮਾਇਕ ਅਤੇ ਦੂਜੀ ਹਰ ਤਰ੍ਹਾਂ ਦੀ ਮਦਦ ਸਬੰਧੀ ਵਿਦੇਸ਼ਾਂ ਤੇ ਭਾਰਤ ਅੰਦਰੋਂ ਵੀ ਕਈ ਪੇਸ਼ਕਸ਼ਾਂ ਆਈਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਲਈ ਖਰਚਾ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਮਦਦ ਦੇਣ ਦੀ ਪੇਸ਼ਕਸ਼ ਕੀਤੀ,ਪਰ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੀਆਂ ਪੇਸ਼ਕਸਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਜੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਹੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਤਾਂ ਇਸ ਦਾ ਪ੍ਰਭਾਵ ਹੋਰਾਂ ਉੱਤੇ ਕੀ ਜਾਵੇਗਾ। ਵਰਨਣਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਪ੍ਰਸਾਰਨ ਹੱਕ ਸ਼ੁਰੂ ਤੋਂ ਹੀ ਇੱਕ ਚੈਨਲ ਕੋਲ ਹਨ ਅਤੇ ਉਨ੍ਹਾਂ ਤੋਂ ਇਹ ਹੱਕ ਵਾਪਸ ਲੈਣ ਦੀ ਸ਼੍ਰੋਮਣੀ ਕਮੇਟੀ ਵਿੱਚੋਂ ਕੋਈ ਹਿੰਮਤ ਕਰ ਸਕਦਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਗਨ ਭੇਟ



ਸ਼ਾਹਕੋਟ, 10 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਸੰਗਤਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਏ ਸਰੂਪ ਨੇੜੇ ਜਗਦੀ ਜੋਤ ਗੱਦੇ ਉੱਤੇ ਡਿੱਗਣ ਕਾਰਨ ਇੱਕ ਸਰੂਪ ਦੇ ਅਗਨ ਭੇਟ ਤੇ ਚਾਰ ਸਰੂਪਾਂ ਦੇ ਪਾਣੀ ਨਾਲ ਗਿੱਲੇ ਹੋਣ ਦੀ ਘਟਨਾ ਵਾਪਰੀ ਹੈ, ਜਿਸ ਬਾਰੇ ਜਾਂਚ ਚੱਲ ਰਹੀ ਹੈ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਕਲਿਆਣ ਦੇ ਮੁਤਾਬਕ ਸਵੇਰੇ ਗ੍ਰੰਥੀ ਸਤਨਾਮ ਸਿੰਘ ਨੇ ਦਰਬਾਰ ਹਾਲ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਕਾਸ਼ ਕੀਤਾ ਸੀ ਤਾਂ ਸੰਗਤ ਨੇ ਜੋਤ ਜਗਾ ਦਿੱਤੀ ਸੀ। ਗ੍ਰੰਥੀ ਸਿੰਘ ਜੋਤ ਜਗਦੀ ਛੱਡ ਕੇ ਦਰਬਾਰ ਹਾਲ ਨੂੰ ਤਾਲੇ ਲਾ ਕੇ ਹੋਰ ਡਿਊਟੀ ਉੱਤੇ ਚਲਾ ਗਿਆ। ਸੀ ਸੀ ਟੀ ਵੀ ਫੁਟੇਜ ਅਨੁਸਾਰ ਸਵੇਰੇ ਕਰੀਬ 10.30 ਵਜੇ ਜੋਤ ਗੱਦਿਆਂ ਉੱਤੇ ਡਿੱਗ ਪਈ ਅਤੇ ਅੱਗ ਲੱਗਣ ਕਾਰਨ ਪਾਲਕੀ ਸਾਹਿਬ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰੂਪ ਤੇ ਤਿੰਨ ਪੋਥੀਆਂ ਅਗਨ ਭੇਟ ਹੋ ਗਈਆਂ। ਦੁਪਹਿਰੇ ਕਰੀਬ 12 ਵਜੇ ਪਿੰਡ ਦੇ ਇੱਕ ਨੌਜਵਾਨ ਨੇ ਗੁਰਦੁਆਰਾ ਸਾਹਿਬ ਅੰਦਰੋਂ ਧੂੰਆਂ ਨਿਕਲਦਾ ਦੇਖਿਆ ਅਤੇ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਆਗੂ ਉੱਤੇ ਕਾਬੂ ਪਾਇਆ। ਅਗਨ ਭੇਟ ਹੋਏ ਸਰੂਪ ਤੇ ਪੋਥੀਆਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਭੇਜ ਦਿੱਤਾ ਗਿਆ ਹੈ।

## ਅਦਾਲਤ ਵਿੱਚ ਨੌਜਵਾਨ ਨੇ ਮਹਿਲਾ ਜੱਜ ਮੂਹਰੇ ਖੁਦ ਉੱਤੇ ਪਿਸਤੌਲ ਤਾਣ ਲਈ



ਫਿਲੌਰ, 10 ਮਈ (ਪੋਸਟ ਬਿਊਰੋ)- ਸਥਾਨਕ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਦੀ ਅਦਾਲਤ ਵਿੱਚ ਕੱਲ੍ਹਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਇੱਕ 23 ਸਾਲਾ ਨੌਜਵਾਨ ਨੇ ਭਰੀ ਅਦਾਲਤ ਵਿੱਚ ਮਹਿਲਾ ਜੱਜ ਦੇ ਸਾਹਮਣੇ ਖੁਦ ਉੱਤੇ ਪਿਸਤੌਲ ਤਾਣ ਲਈ।ਉਸ ਨੇ ਮਹਿਲਾ ਜੱਜ ਨੂੰ ਕਿਹਾ ਕਿ ਮੈਡਮ, ਮੈਂ ਸਿਰ ਉੱਤੇ ਕਫ਼ਨ ਬੰਨ੍ਹ ਕੇ ਆਇਆ ਹਾਂ, ਜਾਂ ਮੈਨੂੰ ਇਨਸਾਫ਼ ਦਿਉ ਨਹੀਂ ਤਾਂ ਖ਼ੁਦ ਨੂੰ ਗੋਲੀ ਮਾਰ ਲਵਾਂਗਾ। ਨੌਜਵਾਨ ਦੀਆਂ ਗੱਲਾਂ ਸੁਣ ਕੇ ਅਦਾਲਤ ਵਿੱਚ ਸੰਨਾਟਾ ਛਾ ਗਿਆ। ਇਸ ਮੌਕੇ ਅਦਾਲਤ ਅੱਗੇ ਖੜੇ ਏ ਐਸ ਆਈ ਤੇ ਉਸ ਦੇ ਸਾਥੀ ਨੇ ਨੌਜਵਾਨ ਨੂੰ ਫੜ ਲਿਆ ਅਤੇ ਉਸ ਦੇ ਹੱਥ ਵਿੱਚੋਂ ਪਿਸਤੌਲ ਖੋਹ ਲਿਆ, ਜੋ ਖਿਡੌਣਾ ਪਿਸਤੌਲ ਨਿਕਲਿਆ।

ਪੁੱਛਗਿੱਛ ਦੌਰਾਨ ਨੌਜਵਾਨ ਨੇ ਆਪਣਾ ਨਾਂ ਹੀਰਾ ਪੁੱਤਰ ਭਜਨ ਸਿੰਘ ਪਿੰਡ ਸੰਗੋਵਾਲ ਦੱਸਿਆ। ਉਹ ਪੜ੍ਹਿਆ-ਲਿਖਿਆ ਹੈ ਅਤੇ ਰੋਜ਼ਾਨਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਉਸ ਦੇ ਕਈ ਸੁਪਨੇ ਸਨ। ਅੱਜ ਉਸ ਦੇ ਖ਼ਿਲਾਫ਼ ਚੋਰੀ ਦੇ ਤਿੰਨ ਕੇਸ ਹਨ। ਇੱਕ ਕੇਸ ਪੁਲਸ ਨੇ ਉਸ ਉੱਤੇ ਚੋਰੀ ਨੂੰ ਸਹੀ ਪਾਇਆ, ਦੋ ਕੇਸ ਉਸ ਉੱਤੇ ਝੂਠੇ ਪਾਏ ਹਨ। ਉਹ ਜ਼ਮਾਨਤ ਉੱਤੇ ਜੇਲ੍ਹ ਤੋਂ ਨਿਕਲਿਆ ਹੈ।ਹੀਰਾ ਨੇ ਦੱਸਿਆ ਕਿ ਉਸ ਦਾ ਇੱਕ ਸਾਲ ਪਹਿਲਾਂ ਵਿਆਹ ਹੋਇਆ ਸੀ। ਉਸ ਦੀ ਪਤਨੀ ਦੇ ਬੱਚਾ ਹੋਣ ਵਾਲਾ ਹੈ। ਚੋਰੀ ਦਾ ਕੇਸ ਦਰਜ ਹੋਣ ਕਾਰਨ ਉਸ ਨੂੰ ਕੰਮ ਨਹੀਂ ਮਿਲ ਰਿਹਾ। ਅਦਾਲਤ ਵਿਚਲੇ ਮੁਲਾਜ਼ਮ ਛੋਟਾ-ਮੋਟਾ ਕੰਮ ਪੁੱਛਣ ਉੱਤੇ ਵੀ ਰਿਸ਼ਵਤ ਮੰਗਦੇ ਹਨ। ਉਹ ਇਨਸਾਫ਼ ਮੰਗਦਾ ਬੁਰੀ ਤਰ੍ਹਾਂ ਥੱਕ ਗਿਆ ਹੈ। ਪਿਛਲੇ ਇੱਕ ਮਹੀਨੇ ਤੋਂ ਉਹ ਪਿਸਤੌਲ ਦੀ ਭਾਲ ਕਰ ਰਿਹਾ ਸੀ। ਉਸ ਨੂੰ ਅਸਲ ਪਿਸਤੌਲ ਨਹੀਂ ਮਿਲਿਆ, ਜਿਸ ਕਾਰਨ ਉਸ ਨੇ ਕੱਲ੍ਹ 150 ਰੁਪਏ ਵਿੱਚ ਖਿਡੌਣਾ ਪਿਸਤੌਲ ਖਰੀਦਿਆਂ। ਜੇ ਉਸ ਕੋਲ ਅਸਲ ਪਿਸਤੌਲ ਹੁੰਦੀ ਤਾਂ ਉਹ ਜੱਜ ਦੇ ਸਾਹਮਣੇ ਖ਼ੁਦ ਨੂੰ ਗੋਲੀ ਮਾਰ ਲੈਂਦਾ। ਉਸ ਨੇ ਸੋਚਿਆ ਸੀ ਕਿ ਜਦੋਂ ਪਿਸਤੌਲ ਵੱਲ ਇਸ਼ਾਰਾ ਕਰੇਗਾ ਤਾਂ ਜੱਜ ਉਸਦਾ ਕੇਸ ਰੱਦ ਕਰ ਦੇਣਗੇ, ਪਰ ਇਸਦੇ ਉਲਟ ਕੱਲ੍ਹ ਉਸ ਦੇ ਖ਼ਿਲਾਫ਼ ਇੱਕ ਹੋਰ ਨਵਾਂ ਕੇਸ ਦਰਜ ਕਰ ਦਿੱਤਾ ਗਿਆ।




## ਟਰਾਂਸਪੋਰਟ ਮੰਤਰੀ ਨੇ ਕਿਹਾ: ਰੋਡਵੇਜ਼ ਦੇ ਬੇੜੇ ਵਿੱਚ ਸ਼ਾਮਲ 825 ਨਵੀਆਂ ਬੱਸਾਂ ਦੀ ਜਾਂਚ ਹੋਵੇਗੀ

ਚੰਡੀਗੜ੍ਹ, 10 ਮਈ (ਪੋਸਟ ਬਿਊਰੋ)- ਪਿੱਛਲੀ ਕਾਂਗਰਸ ਸਰਕਾਰ ਵਿੱਚ ਚਰਚਿਤ ਰਹੇ ਸਾਬਕਾ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਦੇ ਸਮੇਂ ਦੌਰਾਨ ਪੀ ਆਰ ਟੀ ਸੀ ਅਤੇ ਪੰਜਾਬ ਰੋਡਵੇਜ਼ ਦੇ ਬੇੜੇ ਵਿੱਚ ਸ਼ਾਮਲ ਕੀਤੀਆਂ ਬੱਸਾਂ ਦੇ ਕੇਸ ਦੀ ਮੌਜੂਦਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜਾਂਚ ਕਰਾਉਣ ਦਾ ਆਦੇਸ਼ ਦਿੱਤਾ ਹੈ।




ਲਾਲਜੀਤ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਬੱਸਾਂ ਦੀ ਖਰੀਦ ਤੇ ਦੂਸਰੇ ਰਾਜ ਤੋਂ ਬੱਸਾਂ ਦੀ ਬਾਡੀ ਲਵਾਉਣ ਬਾਰੇ ਕਈ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾ ਕਿਹਾ ਕਿ ਬੇੜੇ ਵਿੱਚ ਸ਼ਾਮਲ ਇਨ੍ਹਾਂ 825 ਬੱਸਾਂ ਦੇ ਬਾਰੇ ਕਈ ਸ਼ਿਕਾਇਤਾਂ ਮਿਲ ਚੁੱਕੀਆਂ ਹਨ। ਕਰਮਚਾਰੀ ਤੇ ਅਧਿਕਾਰੀ ਇਨ੍ਹਾਂ ਬੱਸਾਂ ਉੱਤੇ ਲੱਗੀ ਬਾਡੀ ਦਾ ਨੁਕਸ ਦੱਸਦੇ ਹਨ, ਕੁਝ ਸ਼ਿਕਾਇਤਾਂ ਇਨ੍ਹਾਂ ਬੱਸਾਂ ਦੀ ਖਰੀਦ ਵਿੱਚ ਗੜਬੜੀ ਦੇ ਸਬੰਧ ਵਿੱਚ ਹਨ।ਇਨ੍ਹਾਂ ਬੱਸਾਂ ਦੀ ਬਾਡੀ ਰਾਜਸਥਾਨ ਦੇ ਜੈਪੁਰ ਦੀ ਇੱਕ ਫਰਮ ਤੋਂ ਲਗਵਾਈ ਗਈ ਹੈ ਜਦਕਿ ਪੰਜਾਬ ਅਤੇ ਗੁਆਂਢੀ ਰਾਜ ਹਰਿਆਣਾ ਵਿੱਚ ਬਹੁਤ ਸਾਰੇ ਬੱਸ ਬਾਡੀ ਬਿਲਡਰ ਹਨ। ਜਿੰਦਾਂ ਦੀ ਬਾਡੀ ਰਾਜਸਥਾਨ ਤੋਂ ਕਰੀਬ 12 ਲੱਖ ਰੁਪਏ ਉੱਤੇ ਲਵਾਈ ਗਈ, ਉਹੀ ਬਾਡੀ ਪੰਜਾਬ ਵਾਲੇ 8-9 ਲੱਖ ਰੁਪਏ ਵਿੱਚ ਲਾਉਣ ਨੂੰ ਤਿਆਰ ਹਨ।ਮੰਤਰੀ ਭੁੱਲਰ ਨੇ ਕਿਹਾ ਕਿ ਲੋੜ ਪਈ ਤਾਂ ਸਾਬਕਾ ਟਰਾਂਸਪੋਰਟ ਮੰਤਰੀ ਅਤੇ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਜਾਂਚ ਵਿੱਚ ਸ਼ਾਮਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ।

## ਗੁੱਜਰਾਂ ਦੀਆਂ 70 ਮੱਝਾਂ ਚਿੱਕੜ ਵਿੱਚ ਖੁਭ ਕੇ ਮਰ ਗਈਆਂ

ਡੇਰਾ ਬਾਬਾ ਨਾਨਕ, 10 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਰਾਮਦੀਵਾਲੀ ਨੇੜੇ ਗੁੱਜਰਾਂ ਦੀਆਂ 70 ਦੇ ਕਰੀਬ ਮੱਝਾਂ ਚਿੱਕੜ ਵਿੱਚ ਖੁਭ ਕੇ ਮਰ ਗਈਆਂ, ਜਿਸ ਬਾਰੇ ਜਾਂਚ ਕਰਨ ਦੀ ਖਬਰ ਹੈ। ਪੀੜਤ ਗੁੱਜਰ ਮੰਨੂ ਪੁੱਤਰ ਸਾਹੀਆ ਨੇ ਦੱਸਿਆ ਕਿ ਉਹ ਕੱਲ੍ਹ ਆਪਣੀਆਂ ਸੱਤਰ ਦੇ ਕਰੀਬ ਮੱਝਾਂ, ਜਿਨ੍ਹਾਂ ਵਿੱਚ ਕੁਝ ਕੱਟੇ-ਕੱਟੀਆਂ ਵੀ ਸਨ, ਨੂੰ ਡੇਰਾ ਬਾਬਾ ਨਾਨਕ ਤੋਂ ਪਿੰਡ ਹਰਦਰਵਾਲ ਲਿਜਾ ਰਹੇ ਸਨ। ਰਾਮਦੀਵਾਲੀ ਨੇੜੇ ਪਹੁੰਚਣ ਉੱਤੇ ਮੱਝਾਂ ਗਰਮੀ ਕਾਰਨ ਪਾਣੀ ਪੀਣ ਲਈ ਸੱਕੀ ਦੇ ਪੁਲ ਥੱਲੇ ਖੜ੍ਹੇ ਪਾਣੀ ਵਿੱਚ ਵੜ ਗਈਆਂ। ਪੁਲ ਬਹੁਤ ਨੀਵਾਂ ਸੀ ਤੇ ਇਸ ਵਿੱਚ ਬੂਟੀ ਤੇ ਦਲਦਲ ਜ਼ਿਆਦਾ ਹੋਣ ਕਾਰਨ ਮੱਝਾਂ ਦਲਦਲ ਵਿੱਚ ਫਸ ਗਈਆਂ। ਉਨ੍ਹਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਕੱਢਿਆ ਨਹੀਂ ਜਾ ਸਕਿਆ। ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਜਦੋਂ ਟਰੈਕਟਰ ਨਾਲ ਮੱਝਾਂ ਬਾਹਰ ਕੱਢੀਆਂ ਤਾਂ ਉਹ ਮਰ ਚੁੱਕੀਆਂ ਸਨ। ਪੀੜਤ ਨੇ ਦਸਿਆ ਕਿ ਉਨ੍ਹਾਂ ਦੀ ਰੋਜ਼ੀ ਡੇਅਰੀ ਤੋਂ ਚੱਲਦੀ ਸੀ। ਪੀੜਤ ਪਰਵਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਆਰਥਿਕ ਮਦਦ ਕੀਤੀ ਜਾਵੇ।

# ਪੋਲੈਂਡ ਵਿੱਚ ਰੂਸੀ ਰਾਜਦੂਤ ਉਤੇ ਲਾਲ ਰੰਗ ਸੁੱਟਿਆ



ਵਾਰਸਾ, 10 ਮਈ (ਪੋਸਟ ਬਿਊਰੋ)- ਰੂਸ ਦੇ ਪੋਲੈਂਡ ਵਿੱਚ ਰਾਜਦੂਤ ਸਰਗੇਈ ਆਂਦਰੀਵ ’ਤੇ ਕੱਲ੍ਹ ਪ੍ਰਦਰਸ਼ਨਕਾਰੀਆਂ ਨੇ ਲਾਲ ਰੰਗ ਸੁੱਟ ਦਿੱਤਾ। ਉਹ ਦੂਜੀ ਵਿਸ਼ਵ ਜੰਗ ਦੌਰਾਨ ਮਾਰੇ ਗਏ ਸੋਵੀਅਤ ਫੌਜੀਆਂ ਨੂੰ ਇੱਥੇ ਕਬਰਸਤਾਨ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਏ ਸਨ। ਯੂਕਰੇਨ ਖਿਲਾਫ ਰੂਸ ਵੱਲੋਂ ਜੰਗ ਵਿਰੁੱਧ ਉਥੇ ਮੌਜੂਦ ਕੁਝ ਲੋਕ ਸਰਗੇਈ ਦੀ ਉਡੀਕ ਕਰ ਰਹੇ ਸਨ। ਵੀਡੀਓ ਫੁਟੇਜ ਵਿੱਚ ਦਿਖਾਈ ਦੇਂਦਾ ਹੈ ਕਿ ਆਂਦਰੀਵ ਦੇ ਪਿੱਛੋਂ ਲਾਲ ਰੰਗ ਸੁੱਟਿਆ ਗਿਆ। ਇਸ ਮਗਰੋਂ ਉਨ੍ਹਾਂ ਨਾਲ ਖੜ੍ਹੇ ਇੱਕ ਪ੍ਰਦਰਸ਼ਨਕਾਰੀ ਨੇ ਉਨ੍ਹਾਂ ਦੇ ਚਿਹਰੇ ਉੱਤੇ ਰੰਗ ਸੁੱਟ ਦਿੱਤਾ।

ਪ੍ਰਦਰਸ਼ਨਕਾਰੀਆਂ ਨੇ ਰਾਜਦੂਤ ਅਤੇ ਰੂਸੀ ਵਫਦ ਨੂੰ ਯਾਦਗਾਰ ਉਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਤੋਂ ਰੋਕ ਦਿੱਤਾ। ਉਨ੍ਹਾਂ ਨੇ ਹੱਥਾਂ ਵਿੱਚ ਯੂਕਰੇਨੀ ਝੰਡੇ ਫੜੇ ਹੋਏ ਸਨ ਅਤੇ ਫਾਸ਼ੀਵਾਦ ਦੇ ਨਾਅਰੇ ਲਾ ਰਹੇ ਸਨ। ਕੁਝ ਨੇ ਖੂਨ ਦੇ ਧੱਬਿਆਂ ਵਾਲੀਆਂ ਸਫੈਦ ਚਾਦਰਾਂ ਪਹਿਨੀਆਂ ਹੋਈਆਂ ਸਨ। ਰੂਸੀ ਵਫਦ ਵਿਚਲੇ ਕੁਝ ਹੋਰ ਵਿਅਕਤੀਆਂ ਉਤੇ ਵੀ ਲਾਲ ਰੰਗ ਲੱਗਾ ਮਿਲਿਆ। ਪੁਲਸ ਨੇ ਮੌਕੇ ਉਤੇ ਪਹੁੰਚ ਕੇ ਰਾਜਦੂਤ ਅਤੇ ਵਫਦ ਦੇ ਹੋਰ ਮੈਂਬਰਾਂ ਨੂੰ ਸੁਰੱਖਿਅਤ ਕੱਢਿਆ।

# ਸ਼ਾਹੀਨ ਬਾਗ ਵਿੱਚ ਲੋਕਾਂ ਦੇ ਤਿੱਖੇ ਵਿਰੋਧ ਮਗਰੋਂ ਭੰਨਤੋੜ ਦੀ ਮੁਹਿੰਮ ਰੁਕੀ

*** ਸੁਪਰੀਮ ਕੋਰਟ ਵੱਲੋਂ ਹਾਈ ਕੋਰਟ ’ਚ ਜਾਣ ਦੀ ਹਿਦਾਇਤ**





ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੀ ਦੱਖਣੀ ਦਿੱਲੀ ਨਗਰ ਨਿਗਮ ਵੱਲੋਂ ਗੈਰ ਕਾਨੂੰਨੀ ਉਸਾਰੀਆਂ ਢਾਹੁਣ ਦੀ ਮੁਹਿੰਮ ਦੇ ਤੀਜੇ ਪੜਾਅ ਹੇਠ ਕੱਲ੍ਹ ਮੁਸਲਮਾਨ ਬਹੁਗਿਣਤੀ ਵਾਲੇ ਇਲਾਕੇ ਸ਼ਾਹੀਨ ਬਾਗ ਵਿੱਚ ਭੰਨਤੋੜ ਸ਼ੁਰੂ ਕਰਨ ਲਈ ਸਵੇਰੇ 11 ਵਜੇ ਦੇ ਕਰੀਬ ਬੁਲਡੋਜ਼ਰ ਭੇਜੇ ਗਏ ਅਤੇ ਨਾਲ ਦਿੱਲੀ ਪੁਲਸ ਅਤੇ ਅਰਧ ਸੈਨਿਕ ਬਲ ਦੇ ਵੱਡੀ ਗਿਣਤੀ ਜਵਾਨ ਵੀ ਤਾਇਨਾਤ ਕੀਤੇ ਗਏ ਸਨ। ਕਾਰਵਾਈ ਦੌਰਾਨ ਮਹਿਲਾ ਪੁਲਸ ਮੁਲਾਜ਼ਮਾਂ ਨੂੰ ਸਥਾਨਕ ਔਰਤਾਂ ਨੂੰ ਸੜਕ ਤੋਂ ਇੱਕ ਪਾਸੇ ਕਰਨ ਲਈ ਕਾਫੀ ਜੱਦੋਜਹਿਦ ਕਰਨੀ ਪਈ।ਪ੍ਰਦਰਸ਼ਨਕਾਰੀਆਂ ਵਿੱਚ ਵੱਡੀ ਗਿਣਤੀ ’ਚ ਔਰਤਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਬਿਰਧ ਔਰਤਾਂ ਵੀ ਸਨ। ਲੋਕ ਬੁਲਡੋਜ਼ਰ ਦੇ ਉਪਰ ਚੜ੍ਹ ਗਏ। ਪੁਲਸ ਨੇ ਔਰਤਾਂ ਸਮੇਤ ਕੁਝ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਕਾਂਗਰਸੀ ਆਗੂ ਪ੍ਰਵੇਜ਼ ਆਲਮ ਸ਼ਾਮਲ ਸਨ। ਕਰੀਬ ਦੋ ਘੰਟੇ ਤਕ ਨਿਗਮ ਅਧਿਕਾਰੀਆਂ ਤੇ ਸਥਾਨਕ ਲੋਕਾਂ ਵਿਚਾਲੇ ਖਿੱਚੋਤਾਣ ਪਿੱਛੋਂ ਨਿਗਮ ਦੇ ਦਸਤੇ ਦੀਆਂ ਗੱਡੀਆਂ ਤੇ ਬੁਲਡੋਜ਼ਰ ਲੈ ਕੇ ਵਾਪਸ ਜਾਣ ਲਈ ਮਜਬੂਰ ਹੋ ਗਏ।

ਵਰਨਣ ਯੋਗ ਹੈ ਕਿ ਸ਼ਾਹੀਨ ਬਾਗ ਦੇ ਉਸੇ ਇਲਾਕੇ ਵਿੱਚ ਭੰਨਤੋੜ ਕੀਤੀ ਜਾਣੀ ਸੀ ਜਿੱਥੇ ਨਾਗਰਿਕਤਾ (ਸੋਧ) ਕਾਨੂੰਨ ਖਿਲਾਫ ਲੰਬਾ ਅੰਦੋਲਨ ਚੱਲਿਆ ਸੀ। ਨਗਰ ਨਿਗਮ ਦੇ ਦਸਤੇ ਦੇ ਆਉਂਦੇ ਸਾਰ ਕੁਝ ਲੋਕਾਂ ਨੇ ਆਪੋ-ਆਪਣੀਆਂ ਗੈਰ ਕਾਨੂੰਨੀ ਉਸਾਰੀਆਂ ਢਾਹੁਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਦੁਕਾਨਾਂ ਦੇ ਸ਼ਟਰ ਪੁੱਟ ਲਏ।ਇਸ ਮੌਕੇ ਆਮ ਆਦਮੀ ਪਾਰਟੀਦੇ ਵਿਧਾਇਕ ਅਤੇ ਦਿੱਲੀ ਵਕਫ ਬੋਰਡ ਦੇ ਚੇਅਰਮੈਨ ਅਮਾਨਤਉੱਲ੍ਹਾ ਖਾਨ ਵੀ ਆ ਗਏ ਤੇ ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਤੋਂ ਗੈਰ ਕਾਨੂੰਨੀ ਉਸਾਰੀਆਂ ਦੀ ਸੂਚੀ ਮੰਗ ਕੇ ਕਿਹਾ ਕਿ ਦੋ ਦਿਨ ਪਹਿਲਾਂ ਸਭ ਨੇ ਨਾਜਾਇਜ਼ ਕਬਜ਼ੇ ਹਟਾ ਲਏ ਸਨ ਤੇ ਖੁਦ ਮਸਜਿਦ ਕੋਲੋਂ ਉਸਾਰੀ ਤੁੜਵਾਈ ਗਈ ਸੀ। ਉਨ੍ਹਾਂ ਕਿਹਾ ਕਿ ਲੋਕ ਨਿਰਮਾਣ ਵਿਭਾਗ ਦੀ ਇਸ ਸੜਕ ਉੱਤੇ ਕੋਈ ਨਾਜਾਇਜ਼ ਕਬਜ਼ਾ ਨਹੀਂ ਹੈ।

ਦੂਸਰੇ ਪਾਸੇ ਦੱਖਣੀ ਦਿੱਲੀ ਨਗਰ ਨਿਗਮ (ਐਸ ਐਮ ਡੀ ਸੀ) ਨੇ ਸ਼ਾਹੀਨ ਬਾਗ ਵਿੱਚ ਕੱਲ੍ਹ ਨਾਜਾਇਜ਼ ਕਬਜ਼ੇ ਹਟਾਉਣ ਸਬੰਧੀ ਮੁਹਿੰਮ ਵਿੱਚ ਅੜਿੱਕਾ ਡਾਹੁਣ ਲਈ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤਉੱਲ੍ਹਾ ਖਾਨ ਅਤੇ ਉਨ੍ਹਾਂ ਦੇ ਸਮੱਰਥਕਾਂ ਖਿਲਾਫ ਸ਼ਿਕਾਇਤ ਦਰਜ ਕਰਾਈ ਹੈ। ਦਿੱਲੀ ਭਾਜਪਾ ਦੇ ਪ੍ਰਧਾਨ ਆਦੇਸ਼ ਗੁਪਤਾ ਨੇ ਕਿਹਾ ਕਿ ਇਸੇ ਤਰ੍ਹਾਂ ਦੀ ਮੁਹਿੰਮ 11 ਮਈ ਨੂੰ ਲੋਧੀ ਕਾਲੋਨੀ ਵਿਚਲੀ ਮੇਹਰਚੰਦ ਮਾਰਕੀਟ ਵਿੱਚ ਸਾਈਂ ਬਾਬਾ ਮੰਦਰ ਨੇੜੇ ਅਤੇ ਜਵਾਹਰ ਲਾਲ ਨਹਿਰੂ ਸਟੇਡੀਅਮ ਮੈਟਰੋ ਸਟੇਸ਼ਨ ਵਿਖੇ ਚਲਾਉਣ ਦੀ ਯੋਜਨਾ ਹੈ।

ਇਸ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੱਲੋਂ ਦਾਇਰ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਕਿਹਾ ਕਿ ‘ਪਟੀਸ਼ਨ ਕਿਸੇ ਸਿਆਸੀ ਪਾਰਟੀ ਨੇ ਦਾਇਰ ਕੀਤੀ ਹੈ, ਕਿਸੇ ਪੀੜਤ ਧਿਰ ਨੇ ਨਹੀਂ। ਇਸ ਲਈ ਅਦਾਲਤ ਨੂੰ ਮੰਚ ਨਹੀਂ ਬਣਾਇਆ ਜਾਣਾ ਚਾਹੀਦਾ।’ ਅਦਾਲਤ ਨੇ ਕਬਜ਼ੇ ਹਟਾਉਣ ਦੀ ਮੁਹਿੰਮ ਤੋਂ ਪ੍ਰਭਾਵਤ ਲੋਕਾਂ ਨੂੰ ਹਾਈ ਕੋਰਟ ਪਹੁੰਚ ਕਰਨ ਲਈ ਕਿਹਾ ਹੈ। ਉਤਰੀ ਦਿੱਲੀ ਨਗਰ ਨਿਗਮ (ਐਨ ਡੀ ਐਮ ਸੀ) ਨੇ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਪਟੀਸ਼ਨਰਾਂ ਨੇ ਜਹਾਂਗੀਰਪੁਰੀ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ, ਜੋ ਰੂਟੀਨ ਕੰਮ ਸੀ, ਨੂੰ ਬਿਨਾਂ ਵਜ੍ਹਾ ਫਿਰਕੂ ਰੰਗ ਦੇ ਕੇ ਸਨਸਨੀਖੇਜ਼ ਬਣਾ ਦਿੱਤਾ ਹੈ।

## ਰਾਸ਼ਟਰਪਤੀ ਜ਼ੈਲੇਂਸਕੀ ਦੀ ਜੈਕਟ ਲੰਡਨ ਵਿੱਚ ਇੱਕ ਲੱਖ ਡਾਲਰ ਦੀ ਵਿਕੀ

ਲੰਡਨ, 10 ਮਈ (ਪੋਸਟ ਬਿਊਰੋ)- ਕਰੀਬ ਢਾਈ ਮਹੀਨੇ ਤੋਂ ਰੂਸ ਦਾ ਮੁਕਾਬਲਾ ਕਰ ਰਹੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਵੱਲੋਂ ਮਦਦ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਇਸ ਦੌਰਾਨ ਜ਼ੈਲੇਂਸਕੀ ਦੀ ਜੈਕੇਟ ਲੰਡਨ ਵਿੱਚ ਨੀਲਾਮ ਕੀਤੀ ਤਾਂ ਉਨ੍ਹਾਂ ਦੇ ਦਸਤਖ਼ਤ ਵਾਲੀ ਜੈਕੇਟ ਕੱਲ੍ਹ 90 ਹਜ਼ਾਰ ਪੌਂਡ ਦੀ ਵਿਕੀ। 24 ਫ਼ਰਵਰੀ ਨੂੰ ਜਦੋਂ ਰੂਸ ਨੇ ਯੂਕਰੇਨ ਉਤੇ ਹਮਲਾ ਕੀਤਾ ਸੀ, ਉਦੋਂ ਜ਼ੈਲੇਂਸਕੀ ਨੂੰ ਯੁੱਧ ਦੇ ਸ਼ੁਰੂ ਦੇ ਦਿਨਾਂ ਵਿੱਚ ਇਹੀ ਜੈਕਟ ਪਹਿਨ ਕੇ ਰਾਜਧਾਨੀ ਕੀਵ ਦੀਆਂ ਸੜਕਾਂ ਉਤੇ ਘੁੰਮਦੇ ਸਨ। ਲੰਡਨ ਵਿਚਲੇ ਯੂਕਰੇਨ ਦੇ ਦੂਤਘਰ ਨੇ ਟਵਿੱਟਰ ਉਤੇ ਇੱਕ ਵੀਡੀਓ ਜਾਰੀ ਕਰ ਕੇ ਕਿਹਾ ਕਿ ਜਦੋਂ ਯੁੱਧ ਸ਼ੁਰੂ ਹੋਇਆ ਤਾਂ ਦੁਨੀਆ ਨੂੰ ਵਿਸ਼ਵਾਸ ਨਹੀਂ ਸੀ ਕਿ ਯੂਕਰੇਨ ਤਿੰਨ ਦਿਨਾਂ ਤੋਂ ਵੱਧ ਟਿਕ ਸਕੇਗਾ ਪਰ ਇਸ ਵੱਲੋਂ ਲੰਬੇ ਸਮੇਂ ਤੋਂ ਬਹਾਦਰੀ ਦਿਖਾਈ ਜਾ ਰਹੀ ਹੈ। ਉਦੋਂ ਪੂਰੀ ਦੁਨੀਆ ਨੇ ਜ਼ੈਲੇਂਸਕੀ ਨੂੰ ਸਾਧਾਰਨ ਜੈਕਟ ਪਹਿਨ ਕੇ ਕੀਵ ਦੇ ਆਲੇ-ਦੁਆਲੇ ਘੁੰਮਦੇ ਦੇਖਿਆ ਤੇ ਕੱਲ੍ਹ ਇੱਥੇ ਇਹ ਸਭ ਤੋਂ ਦੁਰਲੱਭ ਵਸਤੂ ਨੀਲਾਮੀ ਲਈ ਪ੍ਰਦਰਸ਼ਿਤ ਕੀਤੀ ਗਈ। ਯੂਕਰੇਨ ਦੇ ਦੂਤਘਰ ਮੁਤਾਬਕ ਇਹ ਦਾਨ ਮੁਹਿੰਮ ਬਹਾਦੁਰ ਯੂਕਰੇਨ ਦੇ ਨਾਂ ਹੇਠ ਚਲਾਈ ਜਾ ਰਹੀ ਹੈ। ਇਸ ਮੌਕੇ ਯੂਕਰੇਨ ਦੀ ਬਹਾਦਰੀ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਰਾਹੀਂ ਜੰਗ ਨਾਲ ਤਬਾਹ ਹੋਏ ਦੇਸ਼ ਲਈ ਦਾਨ ਇਕੱਠਾ ਕੀਤਾ ਜਾ ਰਿਹਾ ਹੈ। ਮੁਹਿੰਮ ਵਿੱਚ ਯੂਕਰੇਨ ਦੀ ਫ਼ਸਟ ਲੇਡੀ ਓਲੇਨਾ ਜ਼ੈਲੇਂਸਕੀ ਵੱਲੋਂ ਦਾਨ ਕੀਤੇ ਖਿਡੌਣੇ ਅਤੇ ਲੰਡਨ ਵਿੱਚ ਟੈਟ ਮਾਡਰਨ ਆਰਟ ਗੈਲਰੀ ਵਿੱਚ ਮਰਹੂਮ ਫ਼ੋਟੋਗ੍ਰਾਫ਼ਰ ਮੈਕਸ ਲੇਵਿਨ ਦੀਆਂ ਫੋਟੋ ਵੀ ਨੀਲਾਮ ਕੀਤੀਆਂ ਗਈਆਂ। ਮੁਹਿੰਮ ਦੇ ਹਿੱਸੇ ਵਜੋਂ ਯੂਕਰੇਨ ਵਿੱਚ ਮਾਨਵਤਾਵਾਦੀ ਮਦਦ ਲਈ 10 ਲੱਖ ਡਾਲਰ ਤੋਂ ਵੱਧ ਇਕੱਠੇ ਹੋਏ।

# ਦਾਨਿਸ਼ ਕਨੇਰੀਆ ਵੱਲੋਂ ਦੋਸ਼, ਅਫਰੀਦੀ ਨੇ ਮੈਨੂੰ ਇਸਲਾਮ ਕਬੂਲਣ ਲਈ ਮਜਬੂਰ ਕੀਤੈ





ਲਾਹੌਰ, 10 ਮਈ (ਪੋਸਟ ਬਿਊਰੋ)- ਸਾਬਕਾ ਪਾਕਿਸਤਾਨੀ ਕ੍ਰਿਕਟਰ ਦਾਨਿਸ਼ ਕਨੇਰੀਆ ਨੇ ਕੱਲ੍ਹ ਕਿਹਾ ਹੈ ਕਿ ਸਾਬਕਾ ਕ੍ਰਿਕਟ ਕਪਤਾਨ ਸ਼ਾਹਿਦ ਅਫਰੀਦੀ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇ ਉਸ ਨੇ ਇਸਲਾਮ ਨਾ ਕਬੂਲਿਆਂ ਤਾਂ ਉਸ ਦਾ ਕਰੀਅਰ ਤਬਾਹ ਕਰ ਦਿੱਤਾ ਜਾਵੇਗਾ, ਇਸ ਲਈ ਉਸ ਨੇ ਧਰਮ ਬਦਲਿਆ ਸੀ।

ਕਨੇਰੀਆ ਨੇ ਕਿਹਾ, ‘‘ਭਾਰਤ ਸਾਡਾ ਦੁਸ਼ਮਣ ਨਹੀਂ, ਸਾਡੇ ਦੁਸ਼ਮਣ ਉਹ ਲੋਕ ਹਨ, ਜਿਹੜੇ ਲੋਕਾਂ ਨੂੰ ਧਰਮ ਦੇ ਨਾਂ ਉੱਤੇ ਭੜਕਾਉਂਦੇ ਹਨ। ਜੇ ਤੁਸੀਂ ਭਾਰਤ ਨੂੰ ਦੁਸ਼ਮਣ ਮੰਨਦੇ ਹੋ ਤਾਂ ਫਿਰ ਕਿਸੇ ਭਾਰਤੀ ਮੀਡੀਆ ਚੈਨਲ ਉੱਤੇ ਨਾ ਜਾਓ।'' ਉਸ ਨੇ ਅਗਲੇ ਟਵੀਟ ਵਿੱਚ ਕਿਹਾ, ‘‘ਜਦੋਂ ਮੈਂ ਜਬਰਦਸਤੀ ਧਰਮ ਤਬਦੀਲ ਕਰਾਉਣ ਖ਼ਿਲਾਫ਼ ਆਵਾਜ਼ ਚੁੱਕੀ ਸੀ ਤਾਂ ਮੈਨੂੰ ਧਮਕੀ ਦਿੱਤੀ ਗਈ ਕਿ ਉਸ ਦਾ ਕਰੀਅਰ ਤਬਾਹ ਕੀਤਾ ਜਾ ਸਕਦਾ ਹੈ।'' ਕਨੇਰੀਆ ਨੇ ਇਸ ਤੋਂ ਪਹਿਲਾਂ ਇੱਕ ਇੰਟਰਵਿਊ ਵਿੱਚ ਕਿਹਾ ਸੀ, ‘‘ਸ਼ਾਹਿਦ ਅਫਰੀਦੀ ਇਕੱਲਾ ਸੀ, ਜਿਸ ਨੇ ਮੈਨੂੰ ਨੀਵਾਂ ਦਿਖਾਉਣਾ ਚਾਹਿਆ। ਅਸੀਂ ਇੱਕੋ ਵਿਭਾਗ ਲਈ ਖੇਡਿਆ ਕਰਦੇ ਸੀ। ਉਹ ਮੈਨੂੰ ਬੈਂਚ ਉੱਤੇ ਹੀ ਬਿਠਾਈ ਰੱਖਦਾ ਤੇ ਵੰਨ ਡੇ ਟੂਰਨਾਮੈਂਟ ਨਹੀਂ ਖੇਡਣ ਦਿੰਦਾ ਸੀ।'' ਉਸ ਨੇ ਕਿਹਾ, ‘‘ਮੈਂ ਆਪਣੇ ਧਰਮ ਵਿੱਚ ਭਰੋਸਾ ਰੱਖਦਾ ਹਾਂ ਤੇ ਇਹ ਕ੍ਰਿਕਟ ਉੱਤੇ ਨਿਰਭਰ ਨਹੀਂ।''

ਇਸ ਦੇ ਜਵਾਬ ਵਿੱਚ ਅਫਰੀਦੀ ਨੇ ਕਿਹਾ, ‘‘ਜਿਹੜਾ ਵਿਅਕਤੀ ਇਹ ਸਭ ਕਹਿ ਰਿਹਾ ਹੈ, ਉਸ ਦੇ ਕਿਰਦਾਰ ਨੂੰ ਦੇਖੋ। ਉਹ ਪੈਸਾ ਤੇ ਸ਼ੋਹਰਤ ਕਮਾਉਣ ਲਈ ਮੇਰੇ ਉੱਤੇ ਦੋਸ਼ ਲਾ ਰਿਹਾ ਹੈ।'' ਅਫਰੀਦੀ ਨੇ ਕਿਹਾ, ‘‘ਕਨੇਰੀਆ ਮੇਰੇ ਛੋਟੇ ਭਰਾ ਵਾਂਗ ਸੀ ਤੇ ਮੈਂ ਉਸ ਨਾਲ ਕਈ ਸਾਲ ਇੱਕੋ ਵਿਭਾਗ ਲਈ ਖੇਡ ਚੁੱਕਾ ਹਾਂ। ਜੇ ਮੇਰਾ ਰਵੱਈਆ ਬੁਰਾ ਸੀ ਤਾਂ ਉਸ ਨੇ ਪਾਕਿਸਤਾਨ ਕ੍ਰਿਕਟ ਬੋਰਡ ਜਾਂ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਿਕਾਇਤ ਕਿਉਂ ਨਾ ਕੀਤੀ? ਉਹ ਸਾਡੇ ਦੁਸ਼ਮਣ ਮੁਲਕ ਨੂੰ ਇੰਟਰਵਿਊ ਦੇ ਰਿਹਾ ਹੈ, ਜਿਸ ਨਾਲ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ।''

# ਭਾਰਤ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕਿਹਾ: ਦੇਸ਼-ਧ੍ਰੋਹ ਦਾ ਕਾਨੂੰਨ ਢੁੱਕਵੇਂ ਮੰਚ ਉਤੇ ਵਿਚਾਰਾਂਗੇ



ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ਼ ਧ੍ਰੋਹ ਕਾਨੂੰਨ ਦੀ ਸੰਵਿਧਾਨਕ ਯੋਗਤਾ ਦਾ ਅਧਿਐਨ ਕਰਨਦਾ ਸਮਾਂ ਨਾ ਲਾਏ, ਕਿਉਂਕਿ ਕੇਂਦਰ ਸਰਕਾਰ ਨੇ ਖੁਦ ਇਨ੍ਹਾਂ ਧਾਰਾਵਾਂ ਉੱਤੇ ਨਜ਼ਰਸਾਨੀ ਦਾ ਫੈਸਲਾ ਕੀਤਾ ਹੈ ਅਤੇ ਇਹ ਯੋਗ ਮੰਚ ਅੱਗੇ ਵਿਚਾਰਿਆ ਜਾ ਸਕਦਾ ਹੈ।

ਇਸ ਸੰਬੰਧ ਵਿੱਚ ਭਾਰਤ ਸਰਕਾਰ ਨੇ ਇਹ ਵੀ ਕਿਹਾ ਕਿ ਉਹ ਮਹਾਨ ਦੇਸ਼ ਦੀ ਖੁਦਮੁਖਤਿਆਰੀ ਅਤੇ ਅਖੰਡਤਾ ਦੀ ਰੱਖਿਆ ਕਰਦਿਆਂ ਲੋਕਾਂ ਦੀ ਆਜ਼ਾਦੀ ਬਾਰੇ ਕਈ ਵਿਚਾਰਾਂ ਅਤੇ ਫਿਕਰਾਂ ਤੋਂ ਜਾਣੂ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇੱਕ ਐਫੀਡੇਵਿਟ ਵਿੱਚ ਬਸਤੀਵਾਦੀ ਚੀਜ਼ਾਂ ਤੋਂ ਖਹਿੜਾ ਛੁਡਾਉਣ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਚਾਰਾਂ ਦੇ ਹਵਾਲੇ ਨਾਲ ਕਿਹਾ ਕਿ ਉਹ ਲੋਕਾਂ ਦੀ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੇ ਸਨਮਾਨ ਦੇ ਹਮਾਇਤੀ ਹਨ ਅਤੇ ਇਸੇ ਭਾਵਨਾ ਨਾਲ 1500 ਤੋਂ ਵੱਧ ਵੇਲਾ ਵਿਹਾਅ ਚੁੱਕੇ ਕਾਨੂੰਨਾਂ ਨੂੰ ਖਤਮ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਭਾਰਤ ਦੇਚੀਫ ਜਸਟਿਸ ਐਨ ਵੀ ਰਮੰਨਾ ਅਤੇ ਜਸਟਿਸ ਸੂਰਿਆਕਾਂਤ ਤੇ ਜਸਟਿਸ ਹਿਮਾ ਕੋਹਲੀਦੇ ਬੈਂਚ ਨੇ 5 ਮਈ ਨੂੰ ਕਿਹਾ ਸੀ ਕਿ ਉਹ ਇਸ ਕਾਨੂੰਨੀ ਸਵਾਲ ਉੱਤੇ ਦਲੀਲਾਂ ਉਪਰ 10 ਮਈ ਨੂੰ ਸੁਣਵਾਈ ਕਰਨਗੇ ਕਿ ਇਸ ਮਾਮਲੇ ਨੂੰ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਦੇ 1962 ਦੇ ਫੈਸਲੇ ਉੱਤੇ ਨਜ਼ਰਸਾਨੀ ਕਰਨ ਲਈ ਵੱਡੇ ਬੈਂਚ ਹਵਾਲੇ ਕੀਤਾ ਜਾਵੇ ਜਾਂ ਨਹੀਂ।ਗ੍ਰਹਿ ਮੰਤਰਾਲੇ ਦੇਐਫੀਡੇਵਿਟ ਮੁਤਾਬਕ ਇਸ ਬਾਰੇ ਕਈ ਕਾਨੂੰਨੀ ਅਤੇ ਸਿੱਖਿਆ ਮਾਹਰਾਂ, ਵਿਦਵਾਨਾਂ ਅਤੇ ਆਮ ਲੋਕਾਂ ਨੇ ਜਨਤਕ ਤੌਰ ਉੱਤੇ ਵੱਖੋ-ਵੱਖਰੇ ਵਿਚਾਰ ਦਿੱਤੇ ਹਨ। ਐਫੀਡੇਵਿਟਵਿੱਚ ਕਿਹਾ ਗਿਆ ਹੈ ਕਿ ਸਰਕਾਰ ਨੇ ਆਈ ਪੀ ਸੀ (ਇੰਡੀਅਨ ਪੀਨਲ ਕੋਡ) ਦੀ ਧਾਰਾ 124 ਏ ਦੀਆਂ ਮੱਦਾਂ ਬਾਰੇ ਮੁੜ ਵਿਚਾਰ ਤੇ ਨਜ਼ਰਸਾਨੀ ਕਰਨ ਦਾ ਫੈਸਲਾ ਲਿਆ ਹੈ। ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਸਰਕਾਰ ਦੇਸ਼ ਧ੍ਰੋਹ ਕਾਨੂੰਨ ਦੀ ਘੋਖ ਸਮੇਂ ਸਬੰਧਤ ਧਿਰਾਂ ਦੇ ਵਿਚਾਰਾਂ ਦਾ ਧਿਆਨ ਰੱਖੇਗੀ ਅਤੇ ਯਕੀਨੀ ਬਣਾਵੇਗੀ ਕਿ ਦੇਸ਼ ਦੀ ਖੁਦਮੁਖਤਿਆਰੀ ਤੇ ਅਖੰਡਤਾ ਬਹਾਲ ਰਹੇ। ਦੂਜੇ ਪਾਸੇ ਕਾਂਗਰਸ ਨੇ ਕਿਹਾ ਕਿ ਮੋਦੀ ਸਰਕਾਰ ਨੇ ਇਹ ਫੈਸਲਾ ਇਸ ਲਈ ਲਿਆ ਹੈ ਕਿ ਉਸ ਨੂੰ ਮਹਿਸੂਸ ਹੋ ਰਿਹਾ ਹੈ ਕਿ ਕਾਨੂੰਨ ਦੀ ਦੁਰਵਰਤੋਂ ਕਾਰਨ ਸੁਪਰੀਮ ਕੋਰਟ ਇਸ ਨੂੰ ਰੱਦ ਕਰ ਸਕਦਾ ਹੈ।

## ਡੀ ਕੰਪਨੀ ਦੇ 20 ਟਿਕਾਣਿਆਂ ਉੱਤੇ ਛਾਪੇ, ਕਈ ਲੋਕ ਸ਼ਿਕੰਜੇ ਵਿੱਚ

ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਅੰਤਰਰਾਸ਼ਟਰੀ ਅੱਤਵਾਦੀ ਤੇ ਭਗੌੜੇ ਅੰਡਰਵਲਡ ਡਾਨ ਦਾਊਦ ਇਬਰਾਹੀਮ ਅਤੇ ਡੀ ਕੰਪਨੀ ਦੇ ਨਾਂਅ ਨਾਲ ਬਦਨਾਮ ਉਸ ਦੇ ਗੈਂਗ ਖਿਲਾਫ ਪਹਿਲੀ ਵਾਰ ਨੈਸ਼ਨਲ ਜਾਂਚ ਏਜੰਸੀ (ਐਨ ਆਈ ਏ) ਨੇ ਸ਼ਿਕੰਜਾ ਕੱਸਿਆ ਹੈ। ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ ਏ ਪੀ ਏ) ਹੇਠ ਇਸ ਸਾਲ ਫਰਵਰੀ ਵਿੱਚ ਕੇਸ ਦਰਜ ਕਰਨ ਪਿੱਛੋਂ ਐਨ ਆਈ ਏ ਨੇ ਮਹਾਰਾਸ਼ਟਰ ਵਿੱਚ ਮੁੰਬਈ ਦੇ ਨਾਗਪਾੜਾ, ਭਿੰਡੀ ਬਾਜ਼ਾਰ, ਗੋਰੇਗਾਓਂ, ਠਾਣੇ ਵਿੱਚ ਦਾਊਦ ਨਾਲ ਜੁੜੇ ਲੋਕਾਂ ਦੇ 29 ਟਿਕਾਣਿਆਂ ਉੱਤੇ ਛਾਪੇ ਮਾਰੇ ਅਤੇ ਇਸੇ ਕੇਸ ਦੇ ਆਧਾਰ ਉੱਤੇ ਦਰਜ ਮਨੀ ਲਾਂਡਰਿੰਗ ਕੇਸ ਵਿੱਚ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਮਹਾਰਾਸ਼ਟਰ ਦੇ ਮੰਤਰੀ ਨਵਾਬ ਮਲਿਕ ਨੂੰ ਗ੍ਰਿਫਤਾਰ ਕੀਤਾ ਹੈ। ਛਾਪੇ ਦੌਰਾਨ ਕਈ ਅਹਿਮ ਦਸਤਾਵੇਜ਼ ਬਰਾਮਦ ਹੋਏ, ਪਰ ਸ਼ਮ ਤਕ ਕੋਈ ਗ੍ਰਿਫਤਾਰੀ ਨਹੀਂ ਹੋਈ। ਸ਼ੱਕੀਆਂ ਵਿੱਚ ਫਿਲਮ ਨਿਰਮਾਤਾ ਸਮੀਰ ਹਿੰਗੋਰਾ, ਦਾਊਦ ਇਬਰਾਹਮ ਦੇ ਕਰੀਬੀ ਛੋਟਾ ਸ਼ਕੀਲ ਦੇ ਰਿਸ਼ਤੇਦਾਰ ਸਲੀਮ ਕੁਰੈਸ਼ੀ ਅਤੇ ਹਾਜੀ ਅਲੀ ਦਰਗਾਹ ਤੇ ਮਾਹਿਮ ਦਰਗਾਹ ਦੇ ਮੈਨੇਜਿੰਗ ਟਰੱਸਟੀ ਅਬੁਦਲ ਕਿਊਮ ਸ਼ਾਮਲ ਹਨ।

ਪਿਛਲੇ ਤਿੰਨ ਦਹਾਕਿਆਂ ਵਿੱਚ ਪਹਿਲੀ ਵਾਰ ਕੇਂਦਰੀ ਏਜੰਸੀਆਂ ਨੇ ਡੀ ਕੰਪਨੀ ਦੇ ਸਿੰਡੀਕੇਟ ਉੱਤੇ ਕਾਰਵਾਈ ਸ਼ੁਰੂ ਕੀਤੀ ਹੈ। ਐਨ ਆਈ ਏ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨ ਵਿੱਚ ਦਾਊਦ ਅਤੇ ਉਸ ਦੀ ਡੀ ਕੰਪਨੀ ਮਨੀ ਲਾਂਡਰਿੰਗ, ਹਥਿਆਰ ਤੇ ਡਰੱਗ ਤਸਕਰੀ ਅਤੇ ਨਕਲੀ ਭਾਰਤੀ ਕਰੰਸੀ ਨੂੰ ਵੱਡੇ ਪੱਧਰ ਉੱਤੇ ਭਾਰਤ ਵਿੱਚ ਭੇਜਣ ਦਾ ਕੰਮ ਕਰਵਾ ਰਹੀ ਹੈ, ਜਿਸ ਦੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ।

## ਲਖੀਮਪੁਰ ਖੀਰੀ ਹਿੰਸਾ ਦੇ ਚਾਰ ਦੋਸ਼ੀਆਂ ਦੀ ਜ਼ਮਾਨਤ ਅਰਜ਼ੀ ਰੱਦ

ਲਖਨਊ, 10 ਮਈ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਉਰਫ਼ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਉਰਫ਼ ਮੋਨੂ ਵੱਲੋਂ ਕੀਤੀ ਲਖੀਮਪੁਰ ਖੀਰੀ ਹਿੰਸਾ ਦੇ ਕੇਸ ਵਿੱਚ ਚਾਰ ਦੋਸ਼ੀਆਂ ਲਵਕੁਸ਼, ਅੰਕਿਤ ਦਾਸ, ਸੁਮਿਤ ਜਾਇਸਵਾਲ ਤੇ ਸ਼ਿਸ਼ੂਪਾਲ ਦੀ ਜਮਾਨਤ ਪਟੀਸ਼ਨ ਕੱਲ੍ਹ ਰੱਦ ਕਰ ਦਿੱਤੀ ਅਤੇ ਅਸ਼ੀਸ਼ ਮਿਸ਼ਰਾ ਦੀ ਜਮਾਨਤ ਪਟੀਸ਼ਨ ਉੱਤੇ ਸੁਣਵਾਈ 25 ਮਈ ਤਕ ਲਈ ਟਾਲ ਦਿੱਤੀ ਹੈ।

ਜਸਟਿਸ ਦਿਨੇਸ਼ ਕੁਮਾਰ ਸਿੰਘ ਦੇ ਸਿੰਗਲ ਬੈਂਚ ਨੇ ਚਾਰੇ ਦੋਸ਼ੀਆਂ ਦੀ ਜਮਾਨਤ ਅਰਜ਼ੀ ਰੱਦ ਕਰਦੇ ਹੋਏ ਕਿਹਾ ਕਿ ਇਹ ਸਾਰੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨਾਲ ਸਾਜਿਸ਼ ਕਰਨ ਅਤੇ ਇਸ ਕਾਂਡ ਨੂੰ ਕਰਨ ਵਿੱਚ ਸ਼ਾਮਲ ਸਨ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਕੇਸ ਦੇ ਸਾਰੇ ਦੋਸ਼ੀ ਰਾਜਨੀਤਕ ਤੌਰ ਉੱਤੇਬੜੇ ਪ੍ਰਭਾਵਸ਼ਾਲੀ ਹਨ ਅਤੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਮਾਨਤ ਮਿਲਣ ਤੋਂ ਬਾਅਦ ਸਬੂਤਾਂ ਨਾਲ ਛੇੜਛਾੜ ਨਹੀਂ ਕਰਨਗੇ ਤੇ ਗਵਾਹਾਂ ਨੂੰ ਪ੍ਰਭਾਵਤ ਨਾ ਕਰਨਗੇ।ਬੈਂਚ ਨੇ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਦਾ ਇਹ ਸਿੱਟਾ ਧਿਆਨ ਵਿੱਚ ਰੱਖਿਆ ਕਿ ਕੇਂਦਰੀ ਮੰਤਰੀ ਟੈਨੀ ਨੇ ਕੁਝ ਦਿਨ ਪਹਿਲਾਂ ਕਿਸਾਨਾਂ ਵਿਰੁੱਧ ਗ਼ਲਤ ਬਿਆਨ ਨਾ ਦਿੱਤੇ ਹੁੰਦੇ ਤਾਂ ਇਹ ਘਟਨਾ ਨਹੀਂ ਹੋਣੀ ਸੀ। ਅਦਾਲਤ ਨੇ ਕਿਹਾ ਕਿ ਵੱਡੇ ਅਹੁਦਿਆਂ ਉੱਤੇ ਬੈਠੇ ਹੋਏ ਰਾਜਸੀਵਿਅਕਤੀਆਂ ਨੂੰ ਜਨਤਾ ਵਿਚਕ-ਾਰ ਮਰਿਆਦਾ ਵਾਲੀ ਭਾਸ਼ਾ ਵਿੱਚ ਬੋਲਣਾ ਚਾਹੀਦਾ ਹੈ ਅਤੇ ਆਪਣੇ ਅਹੁਦੇ ਦੇ ਮਾਣ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

## ਗੈਂਗਸਟਰ ਵਿਕਾਸ ਦੁਬੇ ਦੀ 67 ਕਰੋੜ ਦੀ ਜਾਇਦਾਦ ਜ਼ਬਤ



ਕਾਨਪੁਰ, 10 ਮਈ (ਪੋਸਟ ਬਿਊਰੋ)- ਪੁਲਸ ਮੁਕਾਬਲੇ ਵਿੱਚ ਮਾਰੇ ਗਏ ਗੈਂਗਸਟਰ ਵਿਕਾਸ ਦੁਬੇ ਦੀਆਂ ਕਰੀਬ 67 ਕਰੋੜ ਰੁਪਏ ਦੀਆਂ ਇੱਕ ਦਰਜਨ ਤੋਂ ਵੱਧ ਜਾਇਦਾਦਾਂ ਨੂੰ ਕੱਲ੍ਹ ਗੈਂਗਸਟਰ ਐਕਟ ਹੇਠ ਜ਼ਬਤ ਕਰ ਲਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਦੁਬੇ ਨੇ ਇਹ ਜਾਇਦਾਦਾਂ ਨਾਜਾਇਜ਼ ਤੌਰ ਉੱਤੇਬਣਾਈਆਂ ਸਨ।

ਇਸ ਬਾਰੇ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੁਰਕ ਕੀਤੀਆਂ ਜਾਇਦਾਦਾਂ ਵਿਕਾਸ ਦੁਬੇ, ਉਸਦੀ ਪਤਨੀ ਰਿਚਾ ਦੁਬੇ ਅਤੇ ਹੋਰ ਪਰਵਾਰਕ ਮੈਂਬਰਾਂ ਅਤੇ ਨੇੜਲੇ ਰਿਸ਼ਤੇਦਾਰਾਂ ਦੇ ਨਾਂ ਉੱਤੇ ਹਨ, ਜਿਨ੍ਹਾਂ ਵਿੱਚ ਕਾਨਪੁਰ, ਕਾਨਪੁਰ ਰੂਰਲ ਅਤੇ ਲਖਨਊ ਵਿੱਚ 13 ਅਚੱਲ ਜਾਇਦਾਦਾਂ ਦਾ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਮੁਲਾਂਕਣ ਕੀਤਾ ਗਿਆ ਸੀ ਅਤੇ ਇਨ੍ਹਾਂ ਦੀ ਕੀਮਤ ਲੱਗਭਗ 67 ਕਰੋੜ ਰੁਪਏ ਹੈ।

ਵਰਨਣ ਯੋਗ ਕਿ ਕਾਨਪੁਰ ਜ਼ਿਲ੍ਹੇ ਦੇ ਚੌਬੇਪੁਰ ਥਾਣਾ ਖੇਤਰ ਦੇ ਬਿਕਰੂ ਪਿੰਡ ਵਿੱਚ 2-3 ਜੁਲਾਈ 2020 ਦੀ ਰਾਤ ਨੂੰ ਅੱਠ ਪੁਲਸ ਮੁਲਾਜ਼ਮਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਪੁਲਸ ਟੀਮ ਵਿਕਾਸ ਦੁਬੇ ਨੂੰ ਫੜਨ ਲਈ ਉਸਦੇ ਘਰ ਗਈ ਸੀ।ਘਟਨਾ ਦੇ ਇੱਕ ਹਫ਼ਤੇ ਦੇ ਅੰਦਰ ਮੱਧ ਪ੍ਰਦੇਸ਼ ਪੁਲਸ ਨੇ ਵਿਕਾਸ ਦੁਬੇ ਨੂੰ ਉਜੈਨ ਵਿੱਚ ਗ਼ਿਫ਼ਤਾਰ ਕਰ ਕੇਪੁਲਸ ਜਦੋਂ ਕਾਨਪੁਰ ਲਿਆ ਰਹੀ ਸੀ ਤਾਂ ਉਸ ਨੂੰ ਭੱਜਣ ਦੀ ਕੋਸ਼ਿਸ਼ ਵਿੱਚ ਮਾਰਿਆ ਦੱਸਿਆ ਗਿਆ ਸੀ।







# ਜਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸਰਕਾਰੀ ਨੌਕਰੀਆਂ ਦੀ ਤਿਆਰੀ ਲਈ ਸ਼ੁਰੂ ਕਰੇਗਾ ਮੁਫ਼ਤ ਕੋਚਿੰਗ ਕਲਾਸਾਂ

***ਰੋਜ਼ਗਾਰ ਸਬੰਧੀ ਜਾਣਕਾਰੀ ਲਈ ਬੇਰੁਜਗਾਰ ਨੌਜਵਾਨ ਸ਼ੋਸਲ ਮੀਡੀਆ ਅਕਾਊਂਟਸ ਨੂੰ ਜੁਆਇੰਨ ਕਰਨ: ਡਿਪਟੀ ਕਮਿਸ਼ਨਰ**



ਮੋਗਾ, 10 (ਗਿਆਨ ਸਿੰਘ) ਜਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮੋਗਾ ਵਲੋਂ ਲੋੜਵੰਦ ਕਾਬਿਲ ਵਿਦਿਆਰਥੀਆਂ ਲਈ ਯੂ ਪੀ ਐੱਸ ਸੀ/ ਭਾਰਤੀ ਪ੍ਰਸ਼ਾਸ਼ਕੀ ਸੇਵਾਵਾਂ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਮੁਫਤ ਕੋਚਿੰਗ ਕਲਾਸਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਹ ਕੋਚਿੰਗ ਕਲਾਸਾਂ ਜਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮੋਗਾ, ਚਨਾਬ ਜੇਹਲਮ ਬਿਲਡਿੰਗ, ਤੀਜੀ ਮੰਜ਼ਿਲ ਵਿਖੇ ਚਲਾਈਆਂ ਜਾਣਗੀਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਹੜੇ ਪ੍ਰਾਰਥੀ ਇਹਨਾਂ ਪ੍ਰੀਖਿਆਵਾਂ ਦੀ ਤਿਆਰੀ ਕਰਨਾ ਚਾਹੁੰਦੇ ਹਨ ਉਹ ਮਿਤੀ 22 ਮਈ 2022 ਤੱਕ ਲਿੰਕ tinyurl.com/ExamUPSC ਉੱਤੇ ਅਪਲਾਈ ਕਰ ਸਕਦੇ ਹਨ ਜਾਂ ਫਿਰ ਜਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮੋਗਾ ਦਫ਼ਤਰ ਨਾਲ ਨੰਬਰ 62392-66860 ਉੱਤੇ ਸੰਪਰਕ ਕਰ ਸਕਦੇ ਹਨ।

ਉਹਨਾਂ ਕਿਹਾ ਕਿ ਜਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮੋਗਾ ਵੱਲੋਂ ਸਰਕਾਰੀ ਆਸਾਮੀਆਂ/ਪ੍ਰਾਇਵੇਟ ਆਸਾਮੀਆਂ/ਰੋਜ਼ਗਾਰ ਸਬੰਧੀ ਸੂਚਨਾ/ਵੱਖ-ਵੱਖ ਵਿਭਾਗਾਂ ਦੀਆਂ ਰੋਜ਼ਗਾਰ/ਸਵੈ-ਰੋਜ਼ਗਾਰ ਸਬੰਧੀ ਸਕੀਮਾਂ ਦੀਆਂ ਜਾਣਕਾਰੀ ਬੇਰੁਜਗਾਰ ਨੌਜਵਾਨਾਂ ਤੱਕ ਪਹੁੰਚਾਉਣ ਲਈ ਸ਼ੋਸਲ ਮੀਡੀਆ ਅਕਾਊਂਟ ਚਲਾਏ ਜਾ ਰਹੇ ਹਨ। ਬੇਰੁਜ਼ਗਾਰਾਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਅਕਾਊਂਟਸ ਨੂੰ ਜੁਆਇਨ ਕਰਨ ਤਾਂ ਜੋ ਰੋਜ਼ਗਾਰ ਸਬੰਧੀ ਜਾਣਕਾਰੀ ਸਮੇਂ-ਸਮੇਂ ਤੇ ਪ੍ਰਾਪਤ ਹੋ ਸਕੇ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਵਿਭਾਗਾਂ ਵਿੱਚ 26454 ਸਰਕਾਰੀ ਨੌਕਰੀਆਂ ਕੱਢੀਆਂ ਗਈਆਂ ਹਨ। ਚਾਹਵਾਨ ਪ੍ਰਾਰਥੀ ਆਪਣੀ ਯੋਗਤਾ ਅਨੁਸਾਰ ਅਪਲਾਈ ਕਰ ਸਕਦੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਹਰੇਕ ਵਿਭਾਗ ਵੱਲੋਂ ਜਾਰੀ ਕੀਤੀ ਗਈ ਵੈੱਬਸਾਈਟ ਉੱਪਰ ਪ੍ਰਾਪਤ ਕੀਤੀ ਜਾ ਸਕਦੀ ਹੈ।

# ਅਰਧ ਪਹਾੜੀ ਖੇਤਰ ਧਾਰ ਦੇ ਪਿੰਡ ਭੂਨ ਦੇ ਲੋਕਾ ਨੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਨੂੰ ਪਾਣੀ ਦੀ ਸਮੱਸਿਆ ਤੋਂ ਕਰਵਇਆ ਜਾਣੂ, ਹੱਲ ਕਰਨ ਦਾ ਦਿੱਤਾ ਭਰੋਸਾ

ਪਠਾਨਕੋਟ, 10 ਮਈ (ਰਾਜਿੰਦਰ ਸਿੰਘ ਰਾਜਨ) ਹਲਕਾ ਪਠਾਨਕੋਟ, ਹਲਕਾ ਸੁਜਾਨਪੁਰ ਅਤੇ ਹਲਕਾ ਭੋਆ ਦੇ ਅਧੀਨ ਆਉਣ ਵਾਲੇ ਲੋਕ ਅੱਜ ਪਾਣੀ ਦੀ ਇਕ-ਇਕ ਬੂੰਦ ਲਈ ਤ੍ਰਾਹ-ਤ੍ਰਾਹ ਕਰ ਉਠ ਹਨ।ਧਰਤੀ ਹੇਠਲੇ ਪਾਣੀ ਦਾ ਸਤਰ ਘਟ ਜਾਣ ਕਾਰਨ ਇਸ ਸੰਕਟ ਵਿਚ ਦਿਨ ਪ੍ਰਤੀ ਦਿਨ ਅਜਾਫਾ ਹੋ ਰਿਹਾ ਹੈ, ਜਿਸ ਕਾਰਨ ਲੋਕਾ ਵਿੱਚ ਸਹਿਮ ਦਾ ਮਹੌਲ ਪਾਇਆਂ ਜਾ ਰਿਹਾ ਹੈ।

ਲੋਕਾ ਦਾ ਕਹਿਣਾ ਹੈ ਕਿ ਉਹ ਪਹਿਲਾ ਹੀ ਬਿਜਲੀ ਸਪਲਾਈ ਦੇ ਕੱਟਾਂ ਤੋ ਡਾਢੇ ਪ੍ਰੇਸ਼ਾਨ ਹਨ ਕਿਉਂਕੀ ਇਹ ਇਲਾਕੇ ਪਹਾੜੀ ਹੋਣ ਕਾਰਨ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਿਆ ਗਿਆ ਹੈ। ਕੁਝ ਲੋਕਾਂ ਕਰੀਬ 110 ਫੁੱਟ ਡੂੰਘੇ ਬੋਰ ਕਰਾਏ ਹੋਏ ਹਨ। ਇਹ ਡੂੰਘੇ ਬੋਰ ਕਢਵਾਉਣਾ ਸੌਖੀ ਗੱਲ ਨਹੀ। ਇਹ ਡੂੰਘੇ ਬੋਰ ਕੱਢਵਾਉਣ ਲਈ ਆਪਣੇ ਪਲੇ ਕਰੀਬ ਇਕ ਲੱਖ ਰੁਪਏ ਤੋਂ ਵੱਧ ਰਕੱਮ ਹੋਣੀ ਚਾਹੀਦੀ ਹੈ। ਦੂਸ਼ਰੇ ਪਾਸੇ ਸੋਚਣ-ਵਿਚਾਰਣ ਵਾਲੀ ਗੱਲ ਇਹ ਹੈ ਕਿ ਜੇਕਰ ਬਿਜਲੀ ਹੀ ਗੁੱਲ ਰਹੇਗੀ ਤਾ ਪਾਣੀ ਕਿਵੇਂ ਆਏਗਾ, ਜੋ ਕਿ ਇਕ ਬੁਝਾਰਤ ਬਣੀ ਹੋਈ ਹੈ। ਪਾਣੀ ਜੇ ਕਿਤੇ ਭੁੱਲ ਭੁਲੇਖੇ ਇਕ ਅੱਧਾ ਘੰਟਾ ਆ ਹੀ ਜਾਵੇ ਤਾਂ ਉਸ ਦਾ ਵੀ ਪਤਾ ਨਹੀ ਲੱਗਦਾ ਕਿ ਕਿਸ ਸਮੇਂ ਪਾਣੀ ਆਇਆ। ਪਾਣੀ ਆਉਣ ਦਾ ਕੋਈ ਨਿਰਧਾਰਤ ਸਮਾਂ ਹੀ ਨਹੀ ਨਿਸਚਤ ਕੀਤਾ ਜਿਹੜਾ ਟੈਂਕੀ ਭੱਰ ਗਿਆ ਠੀਕ ਹੈ ਜਿਹੜਾ ਫਿਰ ਰਹਿ ਗਿਆ ਤਾਂ ਉਸ ਦੇ ਫਿਰ ਭਾਅ ਦੀ ਬੱਣ ਜਾਵੇਗੀ।



ਪਾਣੀ ਤੋਂ ਵਾਂਝੇ ਉੱਤਮ ਗਾਰਡਨ ਕਲੋਨੀ ਮਨਵਾਲ ਪਠਾਨਕੋਟ ਦੇ ਲੋਕਾ ਦਾ ਕਹਿਣਾ ਹੈ ਕਿ ਗਰਮੀਆ ਵਿੱਚ ਉਹ ਸੱਭ ਤੋਂ ਵੱਧ ਦੁੱਖੀ ਹੁੰਦੇ ਹਨ। ਇਸੇ ਤਰ੍ਹਾਂ ਹਲਕਾ ਸੁਜਾਨਪੁਰ ਦੇ ਇਕ ਹੋਰ ਪਿੰਡ ਭੂੰਨ ਦੀ ਦਾਸਤਾਨ ਹੈ, ਜਿਥੇ ਲੋਕ ਵਾਟਰ ਸਪਲਾਈ ਦੇ ਪਾਣੀ ਨੂੰ ਉਡੀਕ ਦੇ ਰਹਿੰਦੇ ਹਨ। ਇਹ ਦਾਸਤਾਨ ਹੈ ਕੇਵਲ ਦੋ ਇਲਾਕਿਆ ਦੀ ਪ੍ਰੰਤੂ ਹਾਲ ਚੁਫ਼ੇਰੇ ਹੀ ਇਸੇ ਤਰ੍ਹਾ ਦਾ ਹੈ।

ਉਕੱਤ ਸਮੱਸਿਆ ਨੂੰ ਮੁੱਖ ਰੱਖਦਿਆ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਦੀ ਅਗਵਾਈ ਵਿੱਚ ਅਰਧ ਪਹਾੜੀ ਖੇਤਰ ਧਾਰ ਦੇ ਪਿੰਡ ਭੂਨ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਜਾਣੂ ਕਰਵਾਇਆ ਗਿਆ। ਇਸ ਸਮੇਂ ਠਾਕੁਰ ਅਮਿਤ ਸਿੰਘ ਮੰਟੂ ਨੇ ਜਨ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਇਸ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਨਤਾ ਨਾਲ ਕੀਤੇ ਸਾਰੇ ਵਾਅਦੇ ਲੜੀਵਾਰ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਕਰਤਾਰ ਸਿੰਘ, ਮਹੇਸ਼ ਕੁਮਾਰ , ਮਾਧੋ ਸਿੰਘ, ਰਾਜੇਸ਼ ਕੁਮਾਰ, ਨਰਿੰਦਰ ਸਿੰਘ, ਪਵਨ ਕੁਮਾਰ, ਸੁਮੇਸ਼ ਕੁਮਾਰ, ਪ੍ਰਵੀਨ ਕੁਮਾਰ ਆਦਿ ਹਾਜ਼ਰ ਸਨ।

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119

647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,

ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **‘PR’** ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟਰਕਟਰ

647-998-7500 ਬਲਵਿੰਦਰ




# ਚੋਰੀ ਦੀਆਂ 3 ਮੋਟਰ ਸਾਈਕਲਾਂ ਤੇ 16 ਕਿਲੋ ਅੱਧਸੜੀਆਂ ਤਾਰਾਂ ਨਾਲ ਦੋ ਜਣੇ ਕਾਬੂ

ਸ਼ਾਹਕੋਟ, 10 ਮਈ (ਪੋਸਟ ਬਿਊਰੋ)- ਪੁਲਸ ਨੇ ਚੋਰੀ ਦੇ ਤਿੰਨ ਮੋਟਰ ਸਾਈਕਲਾਂਅਤੇ 16 ਕਿਲੋ ਬਿਜਲੀ ਦੀਆਂ ਅੱਧੀਆਂ ਸੜੀਆਂ ਤਾਰਾਂ ਸਮੇਤ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ।

ਮਿਲੀ ਜਾਣਕਾਰੀ ਅਨੁਸਾਰ 8 ਮਈ ਨੂੰ ਪਾਰਟੀ ਨੇ ਮੇਨ ਰੋਡ ਕਾਂਵਾਂ ਵਾਲਾ ਪੱਤਣ, ਥੰਮੂਵਾਲ ਵਿਖੇ ਨਾਕਾਬੰਦੀ ਦੌਰਾਨ ਧਰਮਕੋਟ ਵੱਲੋਂ ਇੱਕ ਮੋਟਰ ਸਾਈਕਲ ਉੱਤੇਆਏ ਦੋ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਪਿੱਛੇ ਬੈਠਾ ਨੌਜਵਾਨ ਉਤਰ ਕੇ ਖੇਤਾਂ ਵੱਲ ਨੂੰ ਦੌੜ ਗਿਆ। ਮੋਟਰ ਸਾਈਕਲ ਚਾਲਕ ਸੁਖਚੈਨ ਸਿੰਘ ਉਰਫ ਚੈਨਾ ਵਾਸੀ ਸ਼ੇਰਪੁਰ ਤਯਬਾ ਥਾਣਾ ਧਰਮਕੋਟ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਮੌਕੇ ਤੋਂ ਭੱਜੇ ਨੌਜਵਾਨ ਦਾ ਨਾਂਅ ਕੁਲਦੀਪ ਸਿੰਘ ਉਰਫ ਮਡਾ ਵਾਸੀ ਸ਼ੇਰਪੁਰ ਤਯਬਾ ਥਾਣਾ ਧਰਮਕੋਟ ਦਸਿਆ। ਉਸ ਨੇ ਦੱਸਿਆ ਕਿ ਉਸ ਨੇ ਮੋਟਰ ਸਾਈਕਲ ਕੁਝ ਦਿਨ ਪਹਿਲਾਂ ਧਰਮਕੋਟ ਤੋਂ ਚੋਰੀ ਕੀਤਾ ਸੀ। ਪੁੱਛਗਿੱਛ ਵਿੱਚ ਉਸ ਨੇ ਇੱਕ ਹੋਰ ਮੋਟਰ ਸਾਈਕਲ ਹੀਰੋ ਹਾਂਡਾ ਸਪਲੈਂਡਰ ਪਲੱਸ ਦੀ ਚੋਰੀ ਬਾਰੇ ਦਸਿਆ, ਜਿਸ ਨੂੰ ਬਰਾਮਦ ਕਰ ਲਿਆ ਹੈ।

ਇਸੇ ਤਰ੍ਹਾਂ ਪੁਲਸ ਨੂੰ ਸੂਚਨਾ ਮਿਲੀ ਕਿ ਦਲਜੀਤ ਸਿੰਘ ਉਰਫ ਸਾਬੀ ਵਾਸੀ ਢੰਡੋਵਾਲ ਪੁਰਾਣੀ ਸ਼ਮਸ਼ਾਨਘਟ ਨੇੜੇ ਖਾਲੀ ਪਲਾਟ ਵਿੱਚ ਤਾਰਾਂ ਨੂੰ ਅੱਗ ਲਾ ਕੇ ਤਾਂਬਾ ਕੱਢ ਰਿਹਾ ਹੈ। ਪੁਲਸ ਨੇ ਛਾਪਾ ਮਾਰ ਕੇ ਦਲਜੀਤ ਨੂੰ ਕਾਬੂ ਕਰ ਕੇ ਉਸ ਕੋਲੋਂ ਬਿਜਲੀ ਦੀਆਂ ਅੱਧਸੜੀਆਂ ਕਰੀਬ 16 ਕਿਲੋ ਤਾਰਾਂ ਅਤੇ ਮੋਟਰ ਸਾਈਕਲ ਬਰਾਮਦ ਕੀਤਾ ਹੈ।

## ਪਟਿਆਲਾ ਹਿੰਸਾ ਕੇਸ: ਪਰਵਾਨਾ ਤੇ ਸਿੰਗਲਾ ਸਮੇਤ 5 ਨੂੰ ਜੇਲ੍ਹ ਭੇਜਿਆ ਗਿਆ

ਪਟਿਆਲਾ, 10 ਮਈ (ਪੋਸਟ ਬਿਊਰੋ)- ਪਟਿਆਲਾ ਹਿੰਸਾ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਬਰਜਿੰਦਰ ਸਿੰਘ ਪਰਵਾਨਾ ਤੇ ਸ਼ਿਵ ਸੈਨਾ ਆਗੂ ਹਰੀਸ਼ ਸਿੰਗਲਾ ਸਮੇਤ ਪੰਜ ਜਣਿਆਂ ਨੂੰ ਪੁਲਸ ਰਿਮਾਂਡ ਖਤਮ ਹੋਣ ਪਿੱਛੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਪੰਜਾਂ ਨੂੰ ਅਦਾਲਤ ਨੇ ਜੁਡੀਸ਼ਲ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ। ਪਰਵਾਨਾ ਅਤੇ ਸਿੰਗਲਾ ਤੋਂ ਇਲਾਵਾ ਕੱਲ੍ਹ ਹੁਸਨਪ੍ਰੀਤ ਸਿੰਘ, ਯਸ਼ਵੇਦ, ਨਿਮਿਸ਼ ਉਰਫ਼ ਨਿਸ਼ੂ ਨੂੰ ਵੀ ਪੇਸ਼ ਕੀਤਾ ਗਿਆ ਸੀ। ਵਰਨਣ ਯੋਗ ਹੈ ਕਿ ਬੀਤੀ 29 ਅਪ੍ਰੈਲ ਨੂੰ ਸ਼੍ਰੀ ਕਾਲੀ ਮੰਦਰ ਉੱਤੇ ਪਥਰਾਅ ਹੋਇਆ ਅਤੇ ਕਾਫੀ ਹਿੰਸਾ ਹੋਈ ਸੀ ਅਤੇ ਸ਼ਹਿਰ ਵਿੱਚ ਖਾਲਿਸਤਾਨ ਦੇ ਪੱਖ ਅਤੇ ਵਿਰੋਧ ਵਿੱਚ ਮਾਰਚ ਕੱਢੇ ਗਏ ਸਨ, ਜਿਸ ਪਿੱਛੋਂ ਪੁਲਸ ਨੇ ਇਸ ਮਾਮਲੇ ਵਿੱਚ ਛੇ ਕੇਸ ਦਰਜ ਕਰ ਕੇ ਵੱਡੀ ਗਿਣਤੀ ਵਿੱਚ ਦੋਵਾਂ ਪਾਸੇ ਦੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਵਿੱਚ ਪਰਵਾਨਾ ਤੇ ਸਿੰਗਲਾ ਪ੍ਰਮੁੱਖ ਦੋਸ਼ੀ ਨਾਜ਼ਮਦ ਕੀਤੇ ਗਏ ਸਨ।

